Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steeles Ave. W. Unit 11, Etobicoke, ON

Vol 20*Issue 90 Thursday, May 06, 2021 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਨਿਊਫਾਊਂਡਲੈਂਡ ਤੇ ਲੈਬਰਾਡੋਰ ਤੋਂ ਨਰਸਾਂ ਤੇ ਡਾਕਟਰਾਂ ਦੀ ਟੀਮ ਓਸਲਰ ਪਹੁੰਚੀ



ਬਰੈਂਪਟਨ, 5 ਮਈ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦੀ ਤੀਜੀ ਵੇਵ ਦੌਰਾਨ ਓਸਲਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਨਿਊਫਾਊਂਡਲੈਂਡ ਤੇ ਲੈਬਰਾਡੋਰ ਤੋਂ ਹੈਲਥ ਕੇਅਰ ਪ੍ਰੋਫੈਸ਼ਨਲਜ਼ ਦੀ ਟੀਮ ਬਰੈਂਪਟਨ ਪਹੁੰਚ ਗਈ। ਵਿਲੀਅਮ ਓਸਲਰ ਹੈਲਥ ਸਿਸਟਮ (ਓਸਲਰ) ਵੱਲੋਂ ਉਨ੍ਹਾਂ ਦਾ ਹੁੰਮ ਹੁਮਾ ਕੇ ਸਵਾਗਤ ਕੀਤਾ ਗਿਆ।

ਨਿਊਫਾਊਂਡਲੈਂਡ ਤੇ ਲੈਬਰਾਡੋਰ ਤੋਂ ਰੌਇਲ ਕੈਨੇਡੀਅਨ ਏਅਰ ਫੋਰਸ ਦੇ ਜਹਾਜ਼ ਰਾਹੀਂ ਚਾਰ ਨਰਸਾਂ ਤੇ ਤਿੰਨ ਡਾਕਟਰਾਂ ਦੀ ਟੀਮ ਇੱਥੇ ਪਹੁੰਚੀ। ਦੋ ਡਾਕਟਰ ਪਿਛਲੇ ਹਫਤੇ ਹੀ ਆ ਗਏ ਸਨ ਤੇ ਉਹ ਵੀ ਇਸੇ ਗਰੁੱਪ ਨਾਲ ਕੰਮ ਕਰਨਗੇ। ਇਹ ਹੈਲਥ ਕੇਅਰ ਪ੍ਰੋਫੈਸ਼ਨਲਜ਼ ਬਹੁਤ ਹੀ ਹੁਨਰਮੰਦ ਹਨ ਤੇ ਐਮਰਜੰਸੀ ਡਿਪਾਰਟਮੈਂਟ ਤੇ ਆਈਸੀਯੂ ਵਿੱਚ ਵੀ ਇਨ੍ਹਾਂ ਦਾ ਤਜਰਬਾ ਕਾਫੀ ਕਮਾਲ ਦਾ ਹੈ। ਇਸ ਦੇ ਨਾਲ ਹੀ ਇਹ ਗਲੋਬਲ ਮਾਨਵਤਾਵਾਦੀ ਮਿਸ਼ਨ ਨਾਲ ਜੁੜੇ ਹੋਏ ਹਨ।

ਇਨ੍ਹਾਂ ਨੂੰ ਓਸਲਰ ਦੇ ਆਈਸੀਯੂ, ਐਮਰਜੰਸੀ ਡਿਪਾਰਟਮੈਂਟ ਤੇ ਜਨਰਲ ਮੈਡੀਸਿਨ ਦੇ ਏਰੀਆਜ਼ ਨਾਲ ਜੋੜਿਆ ਜਾਵੇਗਾ ਤਾਂ ਕਿ ਮਰੀਜ਼ਾਂ ਦੀ ਚੰਗੀ ਸਾਂਭ ਸੰਭਾਲ ਹੋ ਸਕੇ। ਓਸਲਰ ਵੱਲੋਂ ਓਨਟਾਰੀਓ ਸਰਕਾਰ, ਨਿਊਫਾਊਂਡਲੈਂਡ ਤੇ ਲੈਬਰਾਡੋਰ ਪ੍ਰੋਵਿੰਸ ਤੇ ਰੌਇਲ ਕੈਨੇਡੀਅਨ ਏਅਰ ਫੋਰਸ ਦਾ ਧੰਨਵਾਦ ਕੀਤਾ ਗਿਆ।

## 12 ਤੇ ਇਸ ਤੋਂ ਵੱਧ ਉਮਰ ਦੇ ਬੱਚਿਆਂ ਨੂੰ ਦਿੱਤੀ ਜਾ ਸਕੇਗੀ ਫਾਈਜ਼ਰ ਵੈਕਸੀਨ : ਹੈਲਥ ਕੈਨੇਡਾ

ਓਟਵਾ, 5 ਮਈ (ਪੋਸਟ ਬਿਊਰੋ) : ਹੈਲਥ ਕੈਨੇਡਾ ਦਾ ਕਹਿਣਾ ਹੈ ਕਿ ਫਾਈਜ਼ਰ-ਬਾਇਓਐਨਟੈਕ ਕੋਵਿਡ-19 ਵੈਕਸੀਨ ਹੁਣ 12 ਸਾਲ ਤੇ ਇਸ ਤੋਂ ਵੱਧ ਉਮਰ ਦੇ ਬੱਚਿਆਂ ਨੂੰ ਦਿੱਤੀ ਜਾ ਸਕਦੀ ਹੈ। ਅਜਿਹਾ ਕਰਨਾ ਬਿਲਕੁਲ ਸੁਰੱਖਿਅਤ ਹੈ।

ਫੈਡਰਲ ਹੈਲਥ ਏਜੰਸੀ ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਉਨ੍ਹਾਂ ਵੱਲੋਂ 12 ਤੋਂ 15 ਸਾਲ ਉਮਰ ਵਰਗ ਦੇ ਬੱਚਿਆਂ ਨੂੰ ਵੈਕਸੀਨ ਲਾਏ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਇਸ ਤੋਂ ਪਹਿਲਾਂ 16 ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਇਹ ਵੈਕਸੀਨ ਦੇਣ ਦੀ ਇਜਾਜ਼ਤ ਦਿੱਤੀ ਗਈ ਸੀ। ਕੈਨੇਡਾ ਐਨੇ ਨਿੱਕੇ ਬੱਚਿਆਂ ਨੂੰ ਕੋਵਿਡ-19 ਵੈਕਸੀਨ ਦੇ ਸ਼ੌਟਸ ਲਾਉਣ ਦੀ ਖੁੱਲ੍ਹ ਦੇਣ ਵਾਲਾ ਪਹਿਲਾ ਦੇਸ਼ ਬਣ ਗਿਆ ਹੈ।




ਹੈਲਥ ਕੈਨੇਡਾ ਦੀ ਚੀਫ ਮੈਡੀਕਲ ਐਡਵਾਈਜ਼ਰ ਡਾ. ਸੁਪਰੀਆ ਸ਼ਰਮਾ ਨੇ ਆਖਿਆ ਕਿ ਇਸ ਸਬੰਧ ਵਿੱਚ ਸਬੂਤਾਂ ਦਾ ਮੁਕੰਮਲ ਤੇ ਆਜ਼ਾਦਾਨਾ ਸਾਇੰਟਿਫਿਕ ਮੁਲਾਂਕਣ ਕਰਨ ਤੋਂ ਬਾਅਦ ਹੀ ਡਿਪਾਰਟਮੈਂਟ ਨੇ ਇਹ ਪਾਇਆ ਕਿ ਇਹ ਵੈਕਸੀਨ ਸੇਫ ਤੇ ਪ੍ਰਭਾਵਸ਼ਾਲੀ ਹੈ। ਇਸ ਨੂੰ ਨਿੱਕੀ ਉਮਰ ਦੇ ਬੱਚਿਆਂ ਉੱਤੇ ਵੀ ਵਰਤਿਆ ਜਾ ਸਕਦਾ ਹੈ। ਹੈਲਥ ਕੈਨੇਡਾ ਦਾ ਇਹ ਵੀ ਆਖਣਾ ਹੈ ਕਿ 12 ਸਾਲ ਤੇ ਇਸ ਤੋਂ ਵੱਧ ਉਮਰ ਵਰਗ ਦੇ ਲੋਕਾਂ ਨੂੰ ਬਾਲਗਾਂ ਜਿੰਨੀ ਡੋਜ਼ ਹੀ ਦਿੱਤੀ ਜਾਵੇਗੀ। ਇਹ ਫੈਸਲਾ ਫਾਈਜ਼ਰ-ਬਾਇਓਐਨਟੈਕ ਵੱਲੋਂ 12 ਤੋਂ 15 ਸਾਲ ਉਮਰ ਵਰਗ ਦੇ 2,260 ਕਿਸ਼ੋਰਾਂ ਉੱਤੇ ਕੀਤੇ ਗਏ ਫੇਜ਼ 3 ਦੇ ਕਲੀਨਿਕਲ ਟ੍ਰਾਇਲ ਦੇ ਨਤੀਜਿਆਂ ਉੱਤੇ ਆਧਾਰਿਤ ਹੈ।

## ਐਮੇਜ਼ੌਨ ਵਰਕਰਜ਼ ਨੂੰ ਕੰਮ ਵਾਲੀ ਥਾਂ ਉੱਤੇ ਹੀ ਕੀਤਾ ਜਾਵੇਗਾ ਵੈਕਸੀਨੇਟ




ਬਰੈਂਪਟਨ, 5 ਮਈ (ਪੋਸਟ ਬਿਊਰੋ) : ਬੁੱਧਵਾਰ ਨੂੰ ਪੀਲ ਰੀਜਨ ਵਿੱਚ ਕੰਮ ਵਾਲੀਆਂ ਥਾਂਵਾਂ ਉੱਤੇ ਵੈਕਸੀਨੇਸ਼ਨ ਦਾ ਸਿਲਸਿਲਾ ਬਰੈਂਪਟਨ ਤੇ ਬੋਲਟਨ ਸਥਿਤ ਐਮੇਜ਼ੌਨ ਪਲਾਂਟਸ ਵਿੱਚ ਸ਼ੁਰੂ ਕੀਤਾ ਗਿਆ।

ਵਾਇਰਸ ਕਾਰਨ ਆਊਟਬ੍ਰੇਕ ਹੋਣ ਕਾਰਨ ਇਨ੍ਹਾਂ ਦੋਵਾਂ ਫੈਸਿਲਿਟੀਜ਼ ਨੂੰ ਅੰਸ਼ਕ ਤੌਰ ਉੱਤੇ ਬੰਦ ਰੱਖਿਆ ਗਿਆ। ਪੀਲ ਮੈਡੀਕਲ ਆਫੀਸਰ ਆਫ ਹੈਲਥ ਡਾ. ਲਾਅਰੈਂਸ ਲੋਹ ਦਾ ਕਹਿਣਾ ਹੈ ਕਿ ਸਿੱਧੇ ਤੌਰ ਉੱਤੇ ਰੈਜ਼ੀਡੈਂਟਸ ਤੇ ਕੰਮ ਵਾਲੀਆਂ ਥਾਂਵਾਂ ਉੱਤੇ ਪਹੁੰਚ ਕੇ ਉਹ ਕਮਿਊਨਿਟੀ ਟਰਾਂਸਮਿਸ਼ਨ ਨਾਲ ਨਜਿੱਠਣ ਵਿੱਚ ਸਮਰੱਥ ਮਹਿਸੂਸ ਕਰਦੇ ਹਨ। ਬਰੈਂਪਟਨ ਤੇ ਮਿਸੀਸਾਗਾ ਵਿੱਚ ਮੇਪਲ ਲੌਜ ਫਾਰਮ ਤੇ ਮੇਪਲ ਲੀਫ ਫੂਡਜ਼ ਵਿਖੇ ਪਹਿਲਾਂ ਹੀ ਵਰਕਪਲੇਸ ਵੈਕਸੀਨੇਸ਼ਨ ਕਲੀਨਿਕਸ ਲਾਏ ਜਾ ਚੁੱਕੇ ਹਨ। ਇਸ ਪਹਿਲਕਦਮੀ ਦੀ ਅਗਵਾਈ ਸਾਂਝੇ ਤੌਰ ਉੱਤੇ ਪ੍ਰੋਵਿੰਸ ਤੇ ਪੀਲ ਪਬਲਿਕ ਹੈਲਥ ਵੱਲੋਂ ਕੀਤੀ ਗਈ। ਇਨ੍ਹਾਂ ਦਾ ਕਹਿਣਾ ਹੈ ਕਿ ਕੋਵਿਡ ਦੇ ਪਸਾਰ ਨੂੰ ਰੋਕਣ ਲਈ ਇਸ ਤਰ੍ਹਾਂ ਦੇ ਕਦਮ ਚੁੱਕੇ ਜਾਣਾ ਬਹੁਤ ਜ਼ਰੂਰੀ ਹੈ ਖਾਸਤੌਰ ਉੱਤੇ ਤੀਜੀ ਵੇਵ ਦੌਰਾਨ ਕੰਮ ਕਰਨ ਵਾਲਿਆਂ ਵਿੱਚ ਕੋਵਿਡ-19 ਫੈਲਣ ਤੋਂ ਰੋਕਣ ਲਈ ਤਾਂ ਇਹ ਬਹੁਤ ਜ਼ਰੂਰੀ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਪੌਪ ਅੱਪ ਕਲੀਨਿਕਸ ਵਿੱਚ ਪਹਿਲੇ ਤਿੰਨ ਹਫਤਿਆਂ ਦੌਰਾਨ 7,000 ਡੋਜ਼ਾਂ ਲਾਏ ਜਾਣ ਦੀ ਸੰਭਾਵਨਾ ਹੈ।

## ਓਨਟਾਰੀਓ ਪੈਨਡੈਮਿਕ ਨਿਯਮਾਂ ਖਿਲਾਫ ਪੁਲਿਸ ਅਧਿਕਾਰੀਆਂ ਨੇ ਦਿੱਤੀ ਸੰਵਿਧਾਨਕ ਚੁਣੌਤੀ

ਓਨਟਾਰੀਓ, 5 ਮਈ (ਪੋਸਟ ਬਿਊਰੋ) : ਕਈ ਫੋਰਸਿਜ਼ ਦੇ ਮੌਜੂਦਾ ਤੇ ਰਿਟਾਇਰਡ ਪੁਲਿਸ ਅਧਿਕਾਰੀਆਂ ਵੱਲੋਂ ਓਨਟਾਰੀਓ ਦੇ ਪੈਨਡੈਮਿਕ ਆਰਡਰਜ਼ ਦੇ ਸਬੰਧ ਵਿੱਚ ਕਾਨੂੰਨੀ ਚੁਣੌਤੀ ਲਾਂਚ ਕੀਤੀ ਗਈ ਹੈ। ਇਨ੍ਹਾਂ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਨਿਯਮਾਂ ਨੂੰ ਲਾਗੂ ਕਰਨ ਨਾਲ ਸੰਵਿਧਾਨ ਦੀ ਪਾਲਣਾ ਕਰਨ ਦੀ ਉਨ੍ਹਾਂ ਵੱਲੋਂ ਚੁੱਕੀ ਗਈ ਸੰਹੁ ਦੀ ਉਲੰਘਣਾ ਹੁੰਦੀ ਹੈ।



ਸੰਵਿਧਾਨਕ ਚੁਣੌਤੀ ਸਬੰਧੀ ਇਹ ਨੋਟਿਸ ਪਿਛਲੇ ਮਹੀਨੇ 19 ਅਧਿਕਾਰੀਆਂ ਦੇ ਪੱਖ ਉੱਤੇ ਫਾਈਲ ਕੀਤਾ ਗਿਆ। ਇਨ੍ਹਾਂ ਵਿੱਚ ਟੋਰਾਂਟੋ ਦੇ ਦੋ ਉਹ ਅਧਿਕਾਰੀ ਵੀ ਸ਼ਾਮਲ ਹਨ ਜਿਨ੍ਹਾਂ ਖਿਲਾਫ ਸੋਸ਼ਲ ਗੈਦਰਿੰਗਜ਼ ਸਬੰਧੀ ਪਾਬੰਦੀਆਂ ਦੀ ਕਥਿਤ ਉਲੰਘਣਾਂ ਕਰਨ ਦੇ ਦੋਸ਼ ਲੱਗੇ ਹੋਏ ਹਨ ਤੇ ਇਸ ਸਬੰਧੀ ਅੰਤਰਿਮ ਪੁਲਿਸ ਜਾਂਚ ਵੀ ਚੱਲ ਰਹੀ ਹੈ। ਇਸ ਸਿਵਲ ਐਕਸ਼ਨ ਵਿੱਚ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ, ਓਨਟਾਰੀਓ ਦੇ ਅਟਾਰਨੀ ਜਨਰਲ, ਪੰਜ ਪੁਲਿਸ ਮੁਖੀਆਂ ਦੇ ਨਾਲ ਨਾਲ ਫੈਡਰਲ ਅਧਿਕਾਰੀਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ।

ਇਸ ਦਾਅਵੇ ਦੀ ਅਜੇ ਅਦਾਲਤ ਵਿੱਚ ਕੋਈ ਸੁਣਵਾਈ ਨਹੀਂ ਹੋਈ, ਇਸ ਵਿੱਚ ਕਈ ਐਲਾਨਾਂ ਦਾ ਜ਼ਿਕਰ ਕਰਦਿਆਂ ਆਖਿਆ ਗਿਆ ਹੈ ਕਿ ਇਨ੍ਹਾਂ ਸਦਕਾ ਚਾਰਟਰ ਆਫ ਰਾਈਟਸ ਐਂਡ ਫਰੀਡਮਜ਼ ਦੀ ਉਲੰਘਣਾ ਹੋ ਰਹੀ ਹੈ। ਜਿਨ੍ਹਾਂ ਐਲਾਨਾਂ ਦਾ ਜ਼ਿਕਰ ਕੀਤਾ ਗਿਆ ਹੈ ਉਨ੍ਹਾਂ ਵਿੱਚ ਵੱਡੇ ਇੱਕਠਾਂ ਤੋ ਧਾਰਮਿਕ ਸੇਵਾਵਾਂ ਤੇ ਮੁਜ਼ਾਹਰਿਆਂ ਨੂੰ ਛੋਟ ਦਿੱਤੀ ਗਈ ਹੈ ਤੇ ਇਹ ਵੀ ਆਖਿਆ ਗਿਆ ਹੈ ਕਿ ਇੰਟਰ ਪ੍ਰੋਵਿੰਸ਼ੀਅਲ ਟਰੈਵਲ ਉੱਤੇ ਪਾਬੰਦੀਆਂ ਰਾਹੀਂ ਵੀ ਇਨ੍ਹਾਂ ਨਿਯਮਾਂ ਦੀ ਉਲੰਘਣਾ ਹੁੰਦੀ ਹੈ।

ਇਸ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਅਜਿਹੇ ਹੁਕਮ ਜਾਰੀ ਕੀਤੇ ਜਾਣ ਜਿਸ ਨਾਲ ਪੁਲਿਸ ਸੁਪਰਵਾਈਜ਼ਰ, ਸਿਆਸਤਦਾਨ ਤੇ ਪਬਲਿਕ ਹੈਲਥ ਅਧਿਕਾਰੀ ਇਨ੍ਹਾਂ ਨਿਯਮਾਂ ਨੂੰ ਲਾਗੂ ਕਰਨ ਲਈ ਦਖਲਅੰਦਾਜ਼ੀ ਕਰਨਾ ਬੰਦ ਕਰਨ।

...ਬਾਕੀ ਪੰਨਾ 3 'ਤੇ

## ਕੈਨੇਡਾ ਪੋਸਟ ਉੱਤੇ ਦਿੱਤੀ ਗਈ ਰਿਟਾਇਰਮੈਂਟ ਪਾਰਟੀ ਨੂੰ ਮੇਅਰ ਨੇ ਦੱਸਿਆ ਗੈਰ-ਜ਼ਿੰਮੇਵਰਾਨਾ

ਮਿਸੀਸਾਗਾ, 5 ਮਈ (ਪੋਸਟ ਬਿਊਰੋ) : ਮਿਸੀਸਾਗਾ ਸਥਿਤ ਕੈਨੇਡਾ ਪੋਸਟ ਦੀ ਗੇਟਵੇਅ ਫੈਸਿਲਿਟੀ ਵਿਖੇ ਰਿਟਾਇਰਮੈਂਟ ਪਾਰਟੀ ਦੀ ਗੱਲ ਸੁਣਨ ਤੋਂ ਬਾਅਦ ਸ਼ਹਿਰ ਦੀ ਮੇਅਰ ਦੇ ਹੱਥ ਪੈਰ ਫੁੱਲ ਗਏ।

ਉਨ੍ਹਾਂ ਆਖਿਆ ਕਿ ਇਹ ਬਹੁਤ ਹੀ ਗੈਰਜ਼ਿੰਮੇਵਾਰਾਨਾ ਹਰਕਤ ਹੈ। ਉਨ੍ਹਾਂ ਇਹ ਵੀ ਆਖਿਆ ਕਿ ਅਸੀਂ ਇਸ ਦੀ ਜਾਂਚ ਕਰਨ ਤੋਂ ਬਾਅਦ ਇਸ ਖਿਲਾਫ ਸਖ਼ਤ ਕਾਰਵਾਈ ਕਰਾਂਗੇ। ਗੇਟਵੇਅ ਪਲਾਂਟ ਵਿੱਚ ਪਹਿਲਾਂ ਹੀ ਕੋਵਿਡ-19 ਆਊਟਬ੍ਰੇਕਸ ਹੋ ਚੁੱਕੀਆਂ ਹਨ ਤੇ ਇਸੇ ਕਾਰਨ ਇਸ ਪਲਾਂਟ ਨੂੰ ਅੰਸ਼ਕ ਤੌਰ ਉੱਤੇ ਬੰਦ ਰੱਖਿਆ ਜਾ ਰਿਹਾ ਹੈ। ਅਜੇ ਪਿਛਲੇ ਹਫਤੇ ਹੀ ਪੀਲ ਪਬਲਿਕ ਹੈਲਥ ਵੱਲੋਂ ਇੱਥੇ ਇੱਕ ਸ਼ਿਫਟ ਬੰਦ ਕੀਤੀ ਗਈ ਸੀ ਤੇ 80 ਵਰਕਰਜ਼ ਨੂੰ ਦਸ ਦਿਨਾਂ ਲਈ ਸੈਲਫ ਆਈਸੋਲੇਟ ਹੋਮ ਵਿੱਚ ਭੇਜਿਆ ਗਿਆ ਸੀ।




ਕੈਨੇਡਾ ਪੋਸਟ ਦਾ ਕਹਿਣਾ ਹੈ ਕਿ ਅਸੀਂ ਰਿਟਾਇਰ ਹੋ ਰਹੇ ਮੁਲਾਜ਼ਮ ਲਈ ਅਪਰੈਲ ਦੇ ਸ਼ੁਰੂ ਵਿੱਚ ਕੀਤੇ ਗਏ ਇੱਕਠ ਤੋਂ ਜਾਣੂ ਹਾਂ। ਕੈਨੇਡਾ ਪੋਸਟ ਦੇ ਬੁਲਾਰੇ ਫਿਲ ਲੀਗਾਲਟ ਨੇ ਇੱਕ ਈ ਮੇਲ ਵਿੱਚ ਆਖਿਆ ਕਿ ਕੈਨੇਡਾ ਪੋਸਟ ਤੇ ਉਸ ਦੇ ਮੁਲਾਜ਼ਮਾਂ ਵੱਲੋਂ ਪਬਲਿਕ ਹੈਲਥ ਨਿਯਮਾਂ ਦੀ ਪਾਲਣਾ ਕਰਦਿਆਂ ਹੋਇਆਂ ਕਾਫੀ ਮਿਹਨਤ ਨਾਲ ਕੰਮ ਕੀਤਾ ਗਿਆ ਤੇ ਲੋਕਾਂ ਨੂੰ ਮਹਾਂਮਾਰੀ ਦੌਰਾਨ ਸੇਫ ਰੱਖਣ ਦੀ ਕੋਸ਼ਿਸ਼ ਕੀਤੀ ਗਈ।

ਅਸੀਂ ਕਿਸੇ ਵੀ ਕਾਰਨ ਕਰਕੇ ਫੈਸਿਲਿਟੀ ਵਿੱਚ ਕਿਸੇ ਕਿਸਮ ਦੇ ਇੱਕਠ ਦੀ ਇਜਾਜ਼ਤ ਨਹੀਂ ਦਿੰਦੇ। ਇਸ ਤਰ੍ਹਾਂ ਦੀ ਪਾਰਟੀ ਕਰਨ ਵਿੱਚ ਸ਼ਾਮਲ ਮੁਲਾਜ਼ਮਾਂ ਨਾਲ ਅਸੀਂ ਸਿੱਧੇ ਤੌਰ ਉੱਤੇ ਗੱਲ ਕੀਤੀ ਹੈ ਤੇ ਸਾਰੇ ਮੁਲਾਜ਼ਮਾਂ ਨੂੰ ਸੇਫਟੀ ਸਬੰਧੀ ਨਿਯਮਾਂ ਦੀ ਅਹਿਮੀਅਤ ਤੋਂ ਮੁੜ ਜਾਣੂ ਕਰਵਾਇਆ ਹੈ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axxel InsuranceBrokers Ltd.
1332 Khalsa Dr, Unit # 11, Mississauga, ON L5S 0A2

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL (Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre
AvonFinancial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E #15, Mississauga, ON L5T 0B3
Shinder Kelley Barrister, Solicitor & Notary Public
905-362-0755

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
100% Customer Satisfaction
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਐਸਟ੍ਰਾਜ਼ੈਨੇਕਾ ਵੈਕਸੀਨ ਲਾਏ ਜਾਣ ਤੋਂ ਬਾਅਦ ਅਲਬਰਟਾ ਵਿੱਚ ਇੱਕ ਮਹਿਲਾ ਦੀ ਹੋਈ ਮੌਤ

ਐਡਮੰਟਨ, 5 ਮਈ (ਪੋਸਟ ਬਿਊਰੋ) : ਕੋਵਿਡ-19 ਐਸਟ੍ਰਾਜ਼ੈਨੇਕਾ ਵੈਕਸੀਨ ਲੈਣ ਤੋਂ ਬਾਅਦ ਐਡਮੰਟਨ ਵਿੱਚ ਇੱਕ ਮਹਿਲਾ ਦੀ ਮੌਤ ਹੋ ਗਈ।

ਮਹਿਲਾ ਆਪਣੇ 50ਵਿਆਂ ਵਿੱਚ ਸੀ। ਕੈਨੇਡਾ ਵਿੱਚ ਕਥਿਤ ਤੌਰ ਉੱਤੇ ਕੋਵਿਡ-19 ਵੈਕਸੀਨੇਸ਼ਨ ਕਾਰਨ ਹੋਈ ਮੌਤ ਦਾ ਇਹ ਦੂਜਾ ਮਾਮਲਾ ਹੈ। ਇਹ ਮੌਤ ਵੈਕਸੀਨ ਲਾਏ ਜਾਣ ਤੋਂ ਬਾਅਦ ਥਰੌਂਬੌਟਿਕ ਥਰੌਂਬੋਸਾਇਟੋਪੇਨੀਆ ( ਵੀ ਆਈ ਟੀ ਟੀ ) ਕਾਰਨ ਹੋਈ ਦੱਸੀ ਜਾਂਦੀ ਹੈ। ਕੈਨੇਡਾ ਵਿੱਚ ਐਸਟ੍ਰਾਜ਼ੈਨੇਕਾ ਵੈਕਸੀਨ ਨਾਲ ਅਲਬਰਟਾ ਵਿੱਚ ਹੋਈ ਇਹ ਪਹਿਲੀ



ਮੌਤ ਦੱਸੀ ਜਾਂਦੀ ਹੈ।

ਇਸ ਤੋਂ ਪਹਿਲਾਂ 27 ਅਪਰੈਲ ਨੂੰ ਕਿਊਬਿਕ ਵਿੱਚ ਵੀ ਆਈ ਟੀ ਟੀ ਕਾਰਨ ਇੱਕ 54 ਸਾਲਾ ਮਹਿਲਾ ਦੀ ਮੌਤ ਹੋ ਗਈ ਸੀ। ਮੰਗਲਵਾਰ ਸ਼ਾਮ ਨੂੰ ਡਾ. ਡੀਨਾ ਹਿਨਸ਼ਾਅ ਨੇ ਟਵੀਟ ਕਰਕੇ ਇਸ ਮੌਤ ਦੀ ਜਾਣਕਾਰੀ ਦਿੱਤੀ। ਉਨ੍ਹਾਂ ਆਖਿਆ ਕਿ ਮਰੀਜ਼ ਦੀ ਪਛਾਣ ਗੁਪਤ ਰੱਖੀ ਜਾ ਰਹੀ ਹੈ ਤੇ ਇਸ ਸਬੰਧ ਵਿੱਚ ਹੋਰ ਕਿਸੇ ਵੀ ਕਿਸਮ ਦੀ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਜਾ ਰਹੀ। ਹਿਨਸ਼ਾਅ ਅਨੁਸਾਰ ਐਸਟ੍ਰਾਜ਼ੈਨੇਕਾ ਜਾਂ ਕੋਵੀਸ਼ੀਲਡ ਦੀਆਂ 253,000 ਡੋਜ਼ਾਂ ਪ੍ਰੋਵਿੰਸ ਵਿੱਚ ਹੁਣ ਤੱਕ ਦਿੱਤੀਆਂ ਜਾ ਚੁੱਕੀਆਂ ਹਨ।

ਅਲਬਰਟਾ ਦੇ ਉੱਘੇ ਡਾਕਟਰ ਨੇ ਆਖਿਆ ਕਿ ਕਿਸੇ ਵੈਕਸੀਨ ਤੋਂ ਮੌਤ ਹੋਣ ਦਾ ਖਤਰਾਂ ਜਾਂ ਹੋਰ ਤਰ੍ਹਾਂ ਦੀ ਕੋਈ ਦਿੱਕਤ ਦਾ ਖਤਰਾ ਬਹੁਤ ਹੀ ਘੱਟ ਹੈ।

# ਰੁੱਖ ਨਾਲ ਟਕਰਾਅ ਕੇ ਗੱਡੀ ਖੱਡ ਵਿੱਚ ਡਿੱਗੀ, ਇੱਕ ਹਲਾਕ

ਟੋਰਾਂਟੋ, 5 ਮਈ (ਪੋਸਟ ਬਿਊਰੋ) : ਇੱਕ ਗੱਡੀ ਨੂੰ ਪੇਸ਼ ਆਏ ਹਾਦਸੇ ਕਾਰਨ ਟੋਰਾਂਟੋ ਦੇ ਇੱਕ ਵਿਅਕਤੀ ਦੀ ਮੌਤ ਹੋ ਗਈ। ਇਹ ਜਾਣਕਾਰੀ ਹਾਲਟਨ ਰੀਜਨ ਦੀ ਪੁਲਿਸ ਨੇ ਦਿੱਤੀ।

ਇਹ ਘਟਨਾ ਸ਼ਾਮੀਂ 5:30 ਵਜੇ ਦੇ ਨੇੜੇ ਤੇੜੇ ਹਾਲਟਨ ਹਿੱਲਜ਼ ਵਿੱਚ ਨੰਬਰ 5 ਸਾਈਡਰੋਡ ਤੇ ਟਰੈਫਲਗਰ ਰੋਡ ਇਲਾਕੇ ਵਿੱਚ ਵਾਪਰੀ। ਇੱਕ ਬਿਆਨ ਵਿੱਚ ਹਾਲਟਨ ਪੁਲਿਸ ਨੇ ਆਖਿਆ ਕਿ ਹਾਦਸੇ ਦਾ ਪਤਾ ਚੱਲਦੇ ਸਾਰ ਐਮਰਜੰਸੀ ਸਰਵਿਸਿਜ਼ ਕਰਮਚਾਰੀ ਮੌਕੇ ਉੱਤੇ ਪਹੁੰਚੇ ਤੇ ਉਨ੍ਹਾਂ ਨੂੰ ਇੱਕ ਗੱਡੀ 5 ਸਾਈਡਰੋਡ ਦੇ ਉੱਤਰ ਵੱਲ ਇੱਕ ਖੱਡ ਵਿੱਚ ਛੱਤ ਦੇ ਭਾਰ ਡਿੱਗੀ ਮਿਲੀ। ਗੱਡੀ ਵਿੱਚ ਦੋ ਲੋਕ ਸਵਾਰ ਸਨ।

ਪੁਲਿਸ ਨੇ ਦੱਸਿਆ ਕਿ ਗੱਡੀ ਦੇ



ਸਾਹਮਣੇ ਵੱਲ ਪੈਸੈਂਜਰ ਸੀਟ ਉੱਤੇ ਬੈਠੇ 42 ਸਾਲਾ ਵਿਅਕਤੀ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਬਰੈਂਪਟਨ ਦੀ 18 ਸਾਲਾ ਲੜਕੀ ਗੱਡੀ ਚਲਾ ਰਹੀ ਸੀ ਤੇ ਉਸ ਨੂੰ ਮਾਮੂਲੀ ਸੱਟਾਂ ਹੀ ਲੱਗੀਆਂ। ਉਸ ਨੂੰ ਅਹਿਤਿਆਤਨ ਹਸਪਤਾਲ ਭੇਜ ਦਿੱਤਾ ਗਿਆ। ਪੁਲਿਸ ਅਨੁਸਾਰ ਗ੍ਰੇਅ ਰੰਗ ਦੀ ਸ਼ੈਵਰਲੇ ਮੇਲਬੂ 5 ਸਾਈਡਰੋਡ ਉੱਤੇ ਪੱਛਮ ਵੱਲ ਜਾ ਰਹੀ ਸੀ ਜਦੋਂ ਇਹ ਸੜਕ ਤੋਂ ਉਤਰ ਕੇ ਇੱਕ ਰੁੱਖ ਨਾਲ ਜਾ ਟਕਰਾਈ ਤੇ ਖੱਡ ਵਿੱਚ ਡਿੱਗ ਗਈ।

ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਹ ਹਾਦਸਾ ਕਿਵੇਂ ਵਾਪਰਿਆ।

# ਬਰੈਂਪਟਨ ਦੇ ਘਰ ਵਿੱਚ ਜ਼ਖ਼ਮੀ ਮਿਲੇ ਬੱਚੇ ਦੀ ਹੋਈ ਮੌਤ

ਬਰੈਂਪਟਨ, 5 ਮਈ (ਪੋਸਟ ਬਿਊਰੋ) : ਬੁੱਧਵਾਰ ਸ਼ਾਮ ਨੂੰ ਬਰੈਂਪਟਨ ਦੇ ਇੱਕ ਘਰ ਵਿੱਚ ਜ਼ਖ਼ਮੀ ਹਾਲਤ ਵਿੱਚ ਮਿਲੇ ਬੱਚੇ ਦੀ ਮੌਤ ਹੋ ਗਈ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਪੀਲ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਦੁਪਹਿਰੇ 4:30 ਵਜੇ ਕੰਟਰੀਸਾਈਡ ਡਰਾਈਵ ਤੇ ਟੌਰਬ੍ਰੈਮ ਰੋਡ ਨੇੜਿਓਂ ਫਿਨਲੇਅਸਨ ਕ੍ਰੀਸੈਂਟ ਤੋਂ ਮੈਡੀਕਲ ਕਾਲ ਆਈ। ਮੌਕੇ ਉੱਤੇ ਉਨ੍ਹਾਂ ਨੂੰ ਇੱਕ ਬੱਚਾ ਜ਼ਖ਼ਮੀ ਹਾਲਤ ਵਿੱਚ ਮਿਲਿਆ, ਜਿਸ ਨੂੰ ਹਸਪਤਾਲ ਲਿਜਾਇਆ ਗਿਆ ਪਰ ਉੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਵੱਲੋਂ ਬੱਚੇ ਨੂੰ ਲੱਗੀਆਂ ਸੱਟਾਂ, ਉਸ ਦੀ ਹਾਲਤ, ਉਮਰ ਜਾਂ ਲਿੰਗ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ।

ਅਜੇ ਤੱਕ ਕਿਸੇ ਨੂੰ ਪੁਲਿਸ ਵੱਲੋਂ ਹਿਰਾਸਤ ਵਿੱਚ ਨਹੀਂ ਲਿਆ ਗਿਆ ਹੈ। ਜਾਂਚਕਾਰ ਮੌਕੇ ਦਾ ਮੁਆਇਨਾ ਕਰ ਰਹੇ ਹਨ। ਸਪੈਸ਼ਲ ਵਿਕਟਿਮਜ਼ ਯੂਨਿਟ ਵੱਲੋਂ ਜਾਂਚ ਲਈ ਮਾਮਲੇ ਨੂੰ ਆਪਣੇ ਹੱਥ ਵਿੱਚ ਲੈ ਲਿਆ ਗਿਆ ਹੈ। ਇਹ ਯੂਨਿਟ ਪੰਜ ਸਾਲ ਜਾਂ ਇਸ ਤੋਂ ਘੱਟ ਉਮਰ ਦੇ ਬੱਚਿਆਂ ਦੇ ਮਾਮਲੇ ਦੀ ਜਾਂਚ ਕਰਦੀ ਹੈ।



# ਓਨਟਾਰੀਓ ਪੈਨਡੈਮਿਕ ਨਿਯਮਾਂ ਖਿਲਾਫ ਪੁਲਿਸ ਅਧਿਕਾਰੀਆਂ ਨੇ ਦਿੱਤੀ ਸੰਵਿਧਾਨਕ ਚੁਣੌਤੀ

...ਪੰਨਾ 1 ਦਾ ਬਾਕੀ

ਇਸ ਗਰੁੱਪ ਦੀ ਨੁਮਾਇੰਦਗੀ ਕਰ ਰਹੇ ਵਕੀਲ ਰੌਕੋ ਗਲਾਟੀ ਨੇ ਆਖਿਆ ਕਿ ਅਜਿਹਾ ਪਹਿਲੀ ਵਾਰੀ ਹੋਇਆ ਹੈ ਕਿ ਪੁਲਿਸ ਅਧਿਕਾਰੀ ਸਰਕਾਰ ਦੀ ਲੈਜਿਸਲੇਟਿਵ ਤੇ ਐਗਜ਼ੈਕਟਿਵ ਬ੍ਰਾਂਚ ਦੇ ਖਿਲਾਫ ਅਦਾਲਤ ਵਿੱਚ ਗਏ ਹੋਣ। ਇੱਕ ਨਿਊਜ਼ ਕਾਨਫਰੰਸ ਵਿੱਚ ਗਲਾਟੀ ਨੇ ਆਖਿਆ ਕਿ ਇਸ ਗਰੁੱਪ ਦੇ 15 ਮੌਜੂਦਾ ਤੇ ਚਾਰ ਰਿਟਾਇਰ ਹੋ ਚੁੱਕੇ ਪੁਲਿਸ ਅਧਿਕਾਰੀ ਹਨ ਜਿਹੜੇ ਚਾਹੁੰਦੇ ਹਨ ਕਿ ਅਦਾਲਤ ਇਨ੍ਹਾਂ ਨਿਯਮਾਂ ਨੂੰ ਲਾਗੂ ਕਰਨ ਵਿੱਚ ਉਨ੍ਹਾਂ ਦੀ ਭੂਮਿਕਾ ਸਪਸ਼ਟ ਕਰੇ। ਗਲਾਟੀ ਨੇ ਆਖਿਆ ਕਿ ਇਹ ਨਿਯਮ ਕਾਫੀ ਵਿਆਪਕ ਹਨ ਤੇ ਇਨ੍ਹਾਂ ਨੂੰ ਇੱਕਸਾਰ ਤੇ ਜਾਇਜ਼ ਢੰਗ ਨਾਲ ਲਾਗੂ ਕੀਤਾ ਜਾਣਾ ਸੰਭਵ ਨਹੀਂ। ਮੁੱਦਈਆਂ ਵਿੱਚੋਂ ਇੱਕ ਯੌਰਕ ਰੀਜਨਲ ਪੁਲਿਸ ਕਾਂਸਟੇਬਲ ਕ੍ਰਿਸਟੋਫਰ ਵੈਂਡੈਨਬੋਸ ਨੇ ਆਖਿਆ ਕਿ ਇਨ੍ਹਾਂ ਨਿਯਮਾਂ ਨੂੰ ਲਾਗੂ ਕਰਨ ਦੇ ਮਾਮਲੇ ਕਾਰਨ ਪੁਲਿਸ ਰੈਂਕਜ਼ ਵਿੱਚ ਤਰੇੜ ਪੈ ਗਈ ਹੈ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਟੋਰਾਂਟੋ ਪੁਲਿਸ ਸਰਵਿਸ ਨੇ ਆਖਿਆ ਕਿ ਆਨਲਾਈਨ ਸਾਹਮਣੇ ਆਏ ਇੱਕ ਵੀਡੀਓ ਵਿੱਚ ਇਹ ਸਾਫ ਨਜ਼ਰ ਆਉਂਦਾ ਹੈ ਕਿ ਉਨ੍ਹਾਂ ਦੇ ਦੋ ਆਫ ਡਿਊਟੀ ਅਧਿਕਾਰੀਆਂ ਵੱਲੋਂ ਓਨਟਾਰੀਓ ਦੇ ਸਟੇਅ ਐਟ ਹੋਮ ਆਰਡਰਜ਼ ਦੀ ਉਲੰਘਣਾ ਕੀਤੀ ਗਈ। ਇਹ ਵੀਡੀਓ ਏਲਮਰ, ਓਨਟਾਰੀਓ ਦੇ ਚਰਚ ਵਿੱਚ ਹੋਏ ਇੱਕਠ ਦਾ ਹੈ ਤੇ ਇਸ ਵਿੱਚ ਚਰਚ ਵਿੱਚ ਮੌਜੂਦ ਕੁੱਝ ਲੋਕਾਂ ਤੇ ਲੋਕਲ ਪੁਲਿਸ ਵਿੱਚ ਟਕਰਾਅ ਹੋਇਆ। ਬਾਅਦ ਵਿੱਚ ਏਲਮਰ ਦੇ ਪੁਲਿਸ ਚੀਫ ਨੇ ਇਸ ਦੀ ਪੁਸ਼ਟੀ ਕੀਤੀ ਕਿ ਟੋਰਾਂਟੋ ਦੇ ਦੋ ਆਫ ਡਿਊਟੀ ਆਫੀਸਰਜ਼ ਨੂੰ ਇਸ ਘਟਨਾ ਦੇ ਸਬੰਧ ਵਿੱਚ ਰੀਓਪਨਿੰਗ ਓਨਟਾਰੀਓ ਐਕਟ ਤਹਿਤ ਚਾਰਜ ਕੀਤਾ ਗਿਆ ਸੀ।

ਜ਼ਿਕਰਯੋਗ ਹੈ ਕਿ ਅਪਰੈਲ ਦੇ ਮੱਧ ਵਿੱਚ ਪ੍ਰੀਮੀਅਰ ਫੋਰਡ ਨੇ ਪੁਲਿਸ ਨੂੰ ਲੋੜੋਂ ਵੱਧ ਸ਼ਕਤੀਆਂ ਦਿੱਤੇ ਜਾਣ ਤੋਂ ਇੱਕ ਦਿਨ ਬਾਅਦ ਹੀ ਇਹ ਸ਼ਕਤੀਆਂ ਵਾਪਿਸ ਲੈ ਲਈਆਂ ਸਨ। ਪੁਲਿਸ ਨੂੰ ਅਥਾਹ ਸ਼ਕਤੀਆਂ ਦਾ ਚੁਫੇਰਿਓਂ ਵਿਰੋਧ ਹੋਣ ਤੋਂ ਬਾਅਦ ਇਹ ਫੈਸਲਾ ਵਾਪਿਸ ਲੈ ਲਿਆ ਗਿਆ ਸੀ।

# ਬਰੈਂਪਟਨ ਵਿੱਚ ਨਵੀਆਂ ਬੈਟਰੀ ਇਲੈਕਟ੍ਰਿਕ ਬੱਸਾਂ ਸ਼ੁਰੂ

ਬਰੈਂਪਟਨ, 5 ਮਈ (ਪੋਸਟ ਬਿਊਰੋ) : ਰੂਟ 23 (ਸੈਂਡਲਵੁੱਡ) ਤੇ ਰੂਟ 26 ( ਮਾਊਂਟ ਪਲੈਜ਼ੈਂਟ) ਉੱਤੇ ਨਵੀਆਂ ਬੈਟਰੀ ਇਲੈਕਟ੍ਰਿਕ ਬੱਸਾਂ ( ਬੀ ਈ ਬੀਜ਼) ਸ਼ੁਰੂ ਕਰ ਦਿੱਤੀਆਂ ਗਈਆਂ ਹਨ।

ਇਨ੍ਹਾਂ ਨਵੀਆਂ ਬੱਸਾਂ ਨੂੰ ਇੰਟਰੋਡਿਊਸ ਕਰਨ ਲਈ ਬਰੈਂਪਟਨ ਨੌਰਥ ਤੋਂ ਐਮਪੀ ਰੂਬੀ ਸਹੋਤਾ, ਇਨਫਰਾਸਟ੍ਰਕਚਰ ਐਂਡ ਕਮਿਊਨਿਟੀਜ਼ ਮੰਤਰੀ ਕੈਥਰੀਨ ਮੈਕੇਨਾ, ਬਰੈਂਪਟਨ ਵੈਸਟ ਤੋਂ ਉਨ੍ਹਾਂ ਦੇ ਕੁਲੀਗਜ਼ ਕਮਲ ਖਹਿਰਾ, ਬਰੈਂਪਟਨ ਈਸਟ ਤੋਂ ਮਨਿੰਦਰ ਸਿੱਧੂ, ਬਰੈਂਪਟਨ ਸਾਊਥ ਤੋਂ ਸੋਨੀਆ ਸਿੱਧੂ ਤੇ ਬਰੈਂਪਟਨ ਦੇ ਮੇਅਰ ਤੇ ਕਾਊਂਸਲ ਮੈਂਬਰ ਮੌਜੂਦ ਸਨ।

ਐਮਪੀ ਸਹੋਤਾ ਨੇ ਆਖਿਆ ਕਿ ਇਹ ਬੀ ਈ ਬੀ ਦੀ ਗਲੋਬਲ ਪੱਧਰ ਉੱਤੇ ਸੱਭ ਤੋਂ ਵੱਧ ਤਾਇਨਾਤੀ ਹੈ। ਇਨ੍ਹਾਂ ਦੇ ਉੱਪਰ ਹੀ ਆਨ ਰੂਟ ਚਾਰਜਿੰਗ ਸਿਸਟਮਜ਼ ਵੀ ਮੌਜੂਦ ਰਹਿਣਗੇ। ਉਨ੍ਹਾਂ ਦੱਸਿਆ ਕਿ ਇਹ ਅੱਠ ਇਲੈਕਟ੍ਰਿਕ ਬੱਸਾਂ ਬਰੈਂਪਟਨ ਟਰਾਂਜ਼ਿਟ ਦੇ ਇਲੈਕਟ੍ਰਿਕ ਫਲੀਟ ਦੀ ਸ਼ੁਰੂਆਤ



ਹਨ। ਇਹ ਸਾਡੀ ਸਿਟੀ ਤੇ ਸਾਡੇ ਪਬਲਿਕ ਟਰਾਂਜ਼ਿਟ ਦੇ ਭਵਿੱਖ ਲਈ ਅਹਿਮ ਨਿਵੇਸ਼ ਵੀ ਹਨ। ਇਸ ਸਬੰਧ ਵਿੱਚ ਬਰੈਂਪਟਨ ਨੇ ਨੋਵਾ ਬੱਸ, ਨਿਊ ਫਲਾਇਰ ਇੰਡਸਟਰੀਜ਼, ਏਬੀਬੀ ਇੰਕ., ਸੀਮਨਜ਼ ਕੈਨੇਡਾ ਤੇ ਨਿਊਮਾਰਕਿਟ-ਟੇਅ ਪਾਵਰ ਡਿਸਟ੍ਰਿਬਿਊਸ਼ਨ ਲਿਮਟਿਡ ਦੀ ਭਾਈਵਾਲੀ ਵਿੱਚ ਟਰਾਂਸਲਿੰਕ ਤੇ ਯੌਰਕ ਰੀਜਨ ਟਰਾਂਜ਼ਿਟ ਨਾਲ ਸ਼ਮੂਲੀਅਤ ਕੀਤੀ ਹੈ।

ਕੈਨੇਡੀਅਨ ਅਰਬਨ ਟਰਾਂਜ਼ਿਟ ਰਿਸਰਚ ਐਂਡ ਇਨੋਵੇਸ਼ਨ ਕੌਂਸੋਰਟੀਅਮ ਨੇ ਇਸ ਪ੍ਰੋਜੈਕਟ ਨੂੰ 2017 ਵਿੱਚ ਲਾਂਚ ਕੀਤਾ ਸੀ। ਇਸ ਇਲੈਕਟ੍ਰਿਕ ਬੱਸ ਤਕਨਾਲੋਜੀ ਨਾਲ ਜਿੱਥੇ ਗੈਸਾਂ ਦਾ ਰਿਸਾਅ ਘਟੇਗਾ ਉੱਥੇ ਹੀ ਪ੍ਰਦੂਸ਼ਣ ਨੂੰ ਵੀ ਠੱਲ੍ਹ ਪਵੇਗੀ।

# ਇੱਕੋ ਦਿਨ ਪੰਜਾਬ ਵਿੱਚ ਕੋਰੋਨਾ ਕਾਰਨ ਰਿਕਾਰਡ 182 ਲੋਕਾਂ ਦੀ ਮੌਤ

ਚੰਡੀਗੜ੍ਹ, 5 ਮਈ, (ਪੋਸਟ ਬਿਊਰੋ)- ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਕ ਵਾਰ ਫਿਰ ਪੂਰੇ ਲਾਕਡਾਊਨ ਤੋਂ ਇਨਕਾਰ ਕੀਤਾ ਅਤੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਲਾਈਆਂ ਪਾਬੰਦੀਆਂ ਕਈ ਰਾਜਾਂ ਦੇ ਲਾਕਡਾਊਨ ਤੋਂ ਜ਼ਿਆਦਾ ਸਖ਼ਤ ਹਨ। ਲੋਕਾਂ ਨੂੰ ਰਾਹਤ ਦਿੰਦਿਆਂ ਮੁੱਖਮੰਤਰੀ ਨੇ ਦੁਕਾਨਾਂ ਨੂੰ ਪੜਾਅ ਵਾਰ ਖੋਲ੍ਹਣ ਤੇ ਹਾਊਸਿੰਗ ਖੇਤਰ ਲਈ ਛੋਟਾਂ ਦਿੰਦੇ ਹੋਏ ਪਲਾਟਾਂ/ ਪ੍ਰਾਜੈਕਟਾਂ ਦੀ ਉਸਾਰੀ ਦੀ ਪ੍ਰਵਾਨਗੀ ਦਾ ਸਮਾਂ ਤਿੰਨ ਮਹੀਨੇ ਵਧਾ ਦਿੱਤਾ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰੀ ਸਕੂਲਾਂ ਵਿਚ ਟੀਚਰਾਂ ਦੀ ਗਿਣਤੀ 50 ਫ਼ੀਸਦੀ ਕਰਨ ਤੇ ਬਾਕੀ ਟੀਚਰਾਂ ਵੱਲੋਂ ਘਰਾਂ ਤੋਂ ਆਨਲਾਈਨ ਕਲਾਸਾਂ ਲੈਣ ਤੇ ਖ਼ੁਰਾਕ ਵਿਭਾਗ ਨੂੰ ਕੋਵਿਡ ਮਰੀਜ਼ਾਂ ਲਈ 5 ਲੱਖ ਵਾਧੂ ਖਾਣੇ ਦੇ ਪੈਕਟ ਤਿਆਰ ਕਰਨ ਦੇ ਹੁਕਮ ਦਿੱਤੇ ਹਨ। ਉਨ੍ਹਾਂ ਨੇ ਰਾਜ ਸਰਕਾਰ ਵੱਲੋਂ 1.41 ਲੱਖ ਸਮਾਰਟ ਰਾਸ਼ਨ ਕਾਰਡ ਵਾਲੇ ਲੋਕਾਂ ਨੂੰ ਵਾਧੂ 10 ਕਿਲੋ ਆਟਾ ਦੇਣ ਦਾ ਵੀ ਐਲਾਨ ਕੀਤਾ ਹੈ।

*** ਲਾਕਡਾਊਨ ਫਿਲਹਾਲ ਨਹੀਂ ਲੱਗੇਗਾ: ਕੈਪਟਨ**

ਇਹ ਮਦਦ ਪਹਿਲਾਂ ਤੋਂ ਗ਼ਰੀਬ ਵਰਗ ਦੇ ਕੋਵਿਡ ਪੀੜਤ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਇਕ ਲੱਖ ਫੂਡ ਕਿੱਟਾਂ ਤੋਂ ਵੱਖਰੀ ਹੈ, ਜਿਸ ਵਿੱਚ 10 ਕਿਲੋ ਆਟਾ, 2 ਕਿਲੋ ਛੋਲੇ ਅਤੇ 2 ਕਿਲੋ ਚੀਨੀ ਦਿੱਤੀ ਜਾਂਦੀ ਹੈ। ਇਹ ਸਹਾਇਤਾ ਭਾਰਤ ਸਰਕਾਰ ਵੱਲੋਂ ਐਲਾਨੀ ਮਦਦ ਤੋਂ ਵੀ ਵੱਖਰੀ ਹੈ।

ਇਸ ਦੌਰਾਨ ਪੰਜਾਬ ਵਿਚ ਕੋਰੋਨਾ ਵਾਇਰਸ ਮਾਰੂ ਹੁੰਦਾ ਜਾਂਦਾ ਹੈ, ਜਿਸ ਨਾਲ ਅੱਜ ਬੁੱਧਵਾਰ ਨੂੰ 182 ਲੋਕਾਂ ਦੀ ਮੌਤ ਹੋਈ ਅਤੇ 8015 ਨਵੇਂ ਕੇਸ ਮਿਲੇ ਹਨ। ਇਸ ਨਾਲ ਪੰਜਾਬ ਵਿੱਚ ਕੋਰੋਨਾ ਦੇ ਕਾਰਨ ਮੌਤਾਂ ਦਾ ਅੰਕੜਾ 9825 ਤੱਕ



ਪਹੁੰਚ ਗਿਆ ਹੈ। ਅੱਜ ਬੁੱਧਵਾਰ ਨੂੰ ਬਠਿੰਡਾਜ਼ਿਲੇ ਵਿੱਚ 21 ਮੌਤਾਂ ਹੋਈਆਂ, ਲੁਧਿਆਣਾ, ਸੰਗਰੂਰ ਅਤੇਪਟਿਆਲਾ ਵਿੱਚ 19-19, ਅੰਮ੍ਰਿਤਸਰ 18, ਮੁਹਾਲੀ 17, ਫਾਜ਼ਿਲਕਾ 10, ਜਲੰਧਰ ਅਤੇ ਮੁਕਤਸਰ ਸਾਹਿਬ 9-9, ਹੁਸ਼ਿਆਰਪੁਰ 7, ਪਠਾਨਕੋਟ 6, ਬਰਨਾਲਾ, ਗੁਰਦਾਸਪੁਰ, ਕਪੂਰਥਲਾ, ਫਰੀਦਕੋਟ 4-4, ਮਾਨਸਾ ਅਤੇ ਨਵਾਂ ਸ਼ਹਿਰ3-3, ਫਤਿਹਗੜ੍ਹ ਸਾਹਿਬ,ਫਿਰੋਜ਼ਪੁਰ2-2, ਮੋਗਾ ਅਤੇ ਤਰਨ ਤਾਰਨ ਵਿੱਚ 1-1 ਮੌਤ ਕੋਰੋਨਾ ਦੇ ਕਾਰਨ ਹੋਈ ਹੈ।









## ਅੱਜ ਨਾਮਾ

ਗਿਆ ਬੰਦੇ ਨੂੰ ਕੱਲ੍ਹ ਕੋਈ ਮਿਲਣ ਬੰਦਾ,
ਏਧਰ-ਓਧਰ ਦੀ ਨਜ਼ਰ ਘੁੰਮਾਈ ਜਾਵੇ।
ਸੋਟੀ ਲੱਭ ਲਈ ਕਿਤੋਂ ਇੱਕ ਫੁੱਟ ਲੰਮੀ,
ਉਹਦੇ ਨਾਲ ਪਿਆ ਬੈੱਲ ਦਬਾਈ ਜਾਵੇ।
ਬੰਦਾ ਦਿੱਸਿਆ ਅੰਦਰੋਂ ਬਾਹਰ ਜਿਹੜਾ,
ਦੂਰੋਂ ਗੱਲ ਨਾਲ ਗੱਲ ਤਿਲਕਾਈ ਜਾਵੇ।
ਕਿਹਾ ਉਹਨੇਨਾ ਮੂੰਹ ਤੋਂ ਜੀ ਆਇਆਂ,
ਬਾਹਰੋਂ ਬੰਦੇ ਨੂੰ ਪਿਆ ਟਰਕਾਈ ਜਾਵੇ।
ਕਿਹਾ ਬਾਹਰਲੇ ਅੰਦਰ ਨਹੀਂ ਆਵਣੇ ਨੂੰ,
ਪਾਉਣੀ ਜੱਫੀ ਜਾਂ ਹੱਥ ਮਿਲਾਉਣ ਔਖਾ।
ਕੀਤਾ ਪਿਆ ਕੋਰੋਨਾ ਨੇ ਰਿਸ਼ਤਿਆਂ ਦਾ,
ਗੱਲਾਂ ਨਾਲ ਆ ਰਸਮ ਨਿਭਾਉਣ ਔਖਾ।

ਤੀਸ ਮਾਰ ਖਾਂ

# ਗੁੜਗਾਉਂ ਵਿੱਚ ਆਕਸੀਜਨ ਮੁੱਕੀ, ਡਾਕਟਰ ਕੋਰੋਨਾ ਮਰੀਜ਼ਾਂ ਨੂੰ ਛੱਡ ਕੇ ਦੌੜੇ, 9 ਮੌਤਾਂ

*** ਰੁੜਕੀ ਵਿੱਚ ਆਕਸੀਜਨ ਮੁੱਕਣ ਨਾਲ 5 ਕੋਰੋਨਾ ਮਰੀਜ਼ਾਂ ਦੀ ਮੌਤ * ਤਾਮਿਲ ਨਾਡੂ ਦੇ ਸਰਕਾਰੀ ਹਸਪਤਾਲ ਵਿੱਚ ਆਕਸੀਜਨ ਮੁੱਕੀ, 13 ਮੌਤਾਂ**



ਗੁਰੂਗ੍ਰਾਮ, 5 ਮਈ, (ਪੋਸਟ ਬਿਊਰੋ)- ਹਰਿਆਣਾ ਦੇ ਗੁਰੂਗ੍ਰਾਮ(ਪੁਰਾਣਾ ਸ਼ਹਿਰ ਗੁੜਗਾਉਂ) ਦੇ ਕੀਰਤੀ ਹਸਪਤਾਲ ਵਿੱਚ ਇੱਕੋ ਰਾਤ 9 ਕੋਵਿਡ ਮਰੀਜ਼ਾਂ ਦੀ ਮੌਤ ਹੋ ਗਈ।ਵਾਰਸਾਂ ਨੇ ਦੋਸ਼ ਲਾਇਆ ਕਿ ਰਾਤ ਹਸਪਤਾਲ ਵਿੱਚ ਆਕਸੀਜਨ ਖ਼ਤਮ ਹੋ ਜਾਣ ਕਾਰਨ ਇਲਾਜ ਕਰਦੇ ਡਾਕਟਰ ਓਥੋਂ ਦੌੜ ਗਏ ਤੇ ਮਰੀਜ਼ਾਂ ਨੂੰ ਰੱਬ ਆਸਰੇ ਛੱਡ ਗਏ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਹੈ। ਖ਼ਬਰ ਮਿਲਦੇ ਸਾਰ ਮੌਕੇ ਉੱਤੇ ਪੁੱਜੀ ਪੁਲਸ ਨੇ ਡਾਕਟਰਾਂ ਦੀ ਟੀਮ ਬੁਲਾਈ, ਪਰ ਉਦੋਂ ਤੱਕ 9 ਮਰੀਜ਼ ਦਮ ਤੋੜ ਚੁੱਕੇ ਸਨ। ਰਾਤ ਸਾਢੇ 10 ਵਜੇ ਹਸਪਤਾਲ ਦੇ ਡਾਕਟਰ ਅਚਾਨਕ ਗਾਇਬ ਹੋ ਗਏ। ਮਰੀਜ਼ਾਂ ਦੇ ਵਾਰਸਾਂ ਦਾ ਕਹਿਣਾ ਹੈ ਕਿ ਹਸਪਤਾਲ ਵਿੱਚ ਆਕਸੀਜਨ ਖਤਮ ਹੋਣ ਪਿੱਛੋਂ ਇਲਾਜ ਕਰਦੇ ਡਾਕਟਰ ਓਥੋਂ ਦੌੜ ਗਏ ਤੇ ਮਰੀਜ਼ਾਂ ਦੀ ਆਕਸੀਜਨ ਦੀ ਘਾਟ ਕਾਰਨ ਮੌਤ ਹੋ ਗਈ।

ਉਤਰਾਖੰਡ ਦੇ ਰੁੜਕੀ ਵਿੱਚ ਇੱਕਪ੍ਰਾਈਵੇਟ ਹਸਪਤਾਲ ਵਿੱਚ ਆਕਸੀਜਨ ਮੁੱਕਣ ਨਾਲ ਪੰਜ ਕੋਵਿਡ ਮਰੀਜ਼ਾਂ ਦੀ ਮੌਤ ਹੋ ਗਈ। ਹਸਪਤਾਲ ਨੇ ਮਰੀਜ਼ਾਂ ਦੇ ਵਾਰਸਾਂ ਨੂੰ ਕਿਹਾ ਕਿ ਉਨ੍ਹਾਂ ਦਾ ਆਕਸੀਜਨ ਕੋਟਾ ਸਰਕਾਰ ਨੇ ਅੱਧਾ ਕਰ ਦਿੱਤਾ ਹੈ। ਰੁੜਕੀ ਦੇ ਪ੍ਰਾਰਥਨਾ ਹਸਪਤਾਲ ਵਿੱਚ ਕਰੀਬ 80 ਕੋਰੋਨਾ ਮਰੀਜ਼ਾਂ ਵਿਚੋਂ ਕਈ ਆਕਸੀਜਨ ਉੱਤੇ ਸਨ। ਸੋਮਵਾਰ ਰਾਤ ਸਾਢੇ 12ਵਜੇ ਡਾਕਟਰਾਂ ਨੇ ਮਰੀਜ਼ਾਂ ਦੇ ਵਾਰਸਾਂ ਨੂੰ ਦੱਸਿਆ ਕਿ ਆਕਸੀਜਨ ਮੁੱਕਣਵਾਲੀ ਹੈ ਤੇ ਉਹ ਲੋਕ ਆਪਣੇ ਮਰੀਜ਼ ਕਿਤੇ ਹੋਰ ਲੈ ਜਾਣ, ਜਿੱਥੇ ਆਕਸੀਜਨ ਹੋਵੇ। ਰਾਤ ਕਰੀਬ 2 ਵਜੇ ਆਕਸੀਜਨ ਖ਼ਤਮ ਹੋਈ ਤਾਂ ਕੁਝ ਲੋਕਾਂ ਦੀ ਕੋਸ਼ਿਸ਼ ਨਾਲ ਛੋਟੇ ਆਕਸੀਜਨ ਸਿਲੰਡਰਾਂ ਦਾ ਪ੍ਰਬੰਧ ਕੀਤਾ ਅਤੇ ਮਰੀਜ਼ਾਂ ਨੂੰ ਆਕਸੀਜਨ ਦੇਣ ਦੀ ਕੋਸ਼ਿਸ਼ ਕੀਤੀ, ਪਰ ਕਰੀਬ 3 ਵਜੇ ਤੱਕ ਇਹ ਆਕਸੀਜਨ ਵੀ ਮੁੱਕ ਗਈ। ਇਸ ਪਿੱਛੋਂ ਕੋਈ ਪ੍ਰਬੰਧ ਨਹੀਂ ਹੋ ਸਕਿਆ, ਜਿਸ ਕਾਰਨ ਓਥੇ ਦਾਖਲਾ 5 ਮਰੀਜ਼ਾਂ ਦੀ ਮੌਤ ਹੋ ਗਈ।

ਤਾਮਿਲ ਨਾਡੂ ਦੇ ਇਕ ਸਰਕਾਰੀ ਹਸਪਤਾਲ ਵਿੱਚ 24 ਘੰਟਿਆਂ ਵਿੱਚ 13 ਮਰੀਜ਼ਾਂ ਦੀ ਮੌਤ ਹੋ ਗਈ। ਮਰੀਜ਼ਾਂ ਦੇ ਵਾਰਸਾਂ ਨੇ ਆਕਸੀਜਨ ਦੀ ਘਾਟ ਨਾਲ ਮੌਤਾਂ ਹੋਣਾ ਦੱਸਿਆ ਹੈ। ਜ਼ਿੰਮੇਵਾਰ ਅਧਿਕਾਰੀਆਂ ਨੇ ਆਕਸੀਜਨ ਦੀ ਕਮੀ ਹੋਣ ਤੋਂ ਸਾਫ਼ ਇਨਕਾਰ ਕੀਤਾ ਹੈ। ਪਤਾ ਲੱਗਾ ਹੈ ਕਿ ਚੇਂਗਲਪੱਟੂ ਮੈਡੀਕਲ ਕਾਲਜ ਵਿੱਚਇੱਕੋ ਦਿਨ ਵਿੱਚ 40 ਤੋਂ 85 ਸਾਲ ਦੀ ਉਮਰ ਦੇ 13 ਮਰੀਜ਼ਾਂ ਦੀ ਮੌਤ ਹੋਈ ਹੈ। ਲੋਕਾਂ ਦਾ ਦੋਸ਼ ਹੈ ਕਿ ਸਾਰੀਆਂ ਮੌਤਾਂ ਆਕਸੀਜਨ ਦੀ ਘਾਟ ਕਾਰਨ ਹੋਈਆਂ ਹਨ, ਪਰ ਚੇਂਗਲਪੱਟੂ ਦੇ ਜ਼ਿਲ੍ਹਾ ਕੁਲੈਕਟਰ ਨੇ ਆਕਸੀਜਨ ਦੀ ਘਾਟ ਤੋਂ ਇਨਕਾਰ ਕੀਤਾ ਹੈ।

# ਕੋਰੋਨਾ ਨਾਲ ਲਗਾਤਾਰ ਵਿਗੜਦੇ ਹਾਲਾਤ ਕਾਰਨ ਪੰਜਾਬ ਕੈਬਨਿਟ ਦੇ ਅਹਿਮ ਫ਼ੈਸਲੇ

ਚੰਡੀਗੜ੍ਹ, 5 ਮਈ, (ਪੋਸਟ ਬਿਊਰੋ)- ਪੰਜਾਬ ਵਿਚ ਕੋਰੋਨਾ ਵਾਇਰਸ ਦੇ ਲਗਾਤਾਰ ਵਧਦੇ ਕੇਸਾਂਤੇ ਮੌਤਾਂ ਕਾਰਨ ਪੈਦਾ ਹੋਏ ਖ਼ਤਰੇ ਨੂੰ ਵੇਖ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਅੱਜਬੁੱਧਵਾਰ ਨੂੰ ਮੰਤਰੀ ਮੰਡਲ ਨੇਸਾਰੇ ਆਕਸੀਜਨ ਉਤਪਾਦਕ ਯੂਨਿਟਾਂ ਨੂੰ ਪਹਿਲ ਦਾ ਦਰਜਾ ਦੇਣ ਨੂੰ ਪ੍ਰਵਾਨਗੀ ਦਿੱਤੀਤੇ ਵਿਦੇਸ਼ੀ ਮਦਦ ਨੂੰ ਰਾਹਦਾਰੀ ਦੇਣ ਲਈ ਕਸਟਮ ਵਿਭਾਗ ਨਾਲ ਤਾਲਮੇਲ ਲਈ ਨੋਡਲ ਅਧਿਕਾਰੀ ਦੀ ਨਿਯੁਕਤੀ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਮੌਜੂਦਾ ਹਾਲਾਤ ਨੂੰ ਵੇਖ ਕੇ ਅਗਲੇ ਦਿਨਾਂ ਵਿਚ ਸਥਿਤੀ ਵਿਗੜਨ ਦਾ ਡਰ ਹੈ ਅਤੇ ਇਹ ਕੋਈ ਨਹੀਂ ਜਾਣਦਾ ਕਿ ਭਾਰਤ ਅਤੇਪੰਜਾਬ ਵਿਚ ਹਾਲੇ ਕੋਵਿਡ ਦੀਆਂ ਹੋਰ ਕਿੰਨੀਆਂ ਲਹਿਰਾਂ ਉੱਠਣਗੀਆਂ।

ਅੱਜ ਏਥੇ ਹੋਈ ਪੰਜਾਬ ਕੈਬਨਿਟ ਦੀ ਵਰਚੂਅਲ ਮੀਟਿੰਗ ਵਿਚ ਪ੍ਰਵਾਨਗੀ ਦਿੱਤੀ ਗਈ ਕਿ ਰੋਜ਼ ਘੱਟੋ-ਘੱਟ 700 ਸਿਲੰਡਰ (5 ਐੱਮ ਟੀ) ਆਕਸੀਜਨ ਪੈਦਾ ਕਰਨ ਦੀ ਸਮਰੱਥਾ ਵਾਲੇ ਯੂਨਿਟਾਂ ਅਤੇ ਆਕਸੀਜਨ ਸਿਲੰਡਰ ਬਣਾਉਣ ਅਤੇ ਆਕਸੀਜਨ ਕੰਸਟ੍ਰੇਟਰ ਉਤਪਾਦਕ ਯੂਨਿਟ ਉੱਤੇਪਹਿਲ ਦਾ ਦਰਜਾ ਲਾਗੂ ਹੋਵੇਗਾ। ਆਕਸੀਜਨ ਦੀ ਰੀ-ਫਿਲਿੰਗ ਕਰਨ ਵਾਲੇ ਯੂਨਿਟ ਵਿਸ਼ੇਸ਼ ਦਰਜੇ ਹੇਠ ਨਹੀਂ ਆਉਣਗੇ। ਇਸ ਫ਼ੈਸਲੇ ਨਾਲ ਇਹ ਯੂਨਿਟ(ਨਵੇਂ ਤੇ ਪੁਰਾਣੇ ਦੋਵੇਂ) ਸੀ ਐੱਲ ਯੂ /ਬਾਹਰੀ ਵਿਕਾਸ ਖਰਚੇ (ਈ ਡੀ ਸੀ), ਪ੍ਰਾਪਰਟੀ ਟੈਕਸ, ਬਿਜਲੀ ਚੁੰਗੀ, ਸਟੈਂਪ ਡਿਊਟੀ ਅਤੇ ਇਸ ਵਿਚਲੀਨਿਵੇਸ਼ ਸਬਸਿਡੀ, ਜੋ ਜ਼ਮੀਨ ਅਤੇ ਮਸ਼ੀਨਰੀ ਵਿਚ ਕੀਤੇ ਪੱਕੇ ਪੂੰਜੀ ਨਿਵੇਸ਼ ਦੇ 125 ਫ਼ੀਸਦੀ ਤੱਕ ਜੀ ਐਸ ਟੀ ਦੀ ਸਪਲਾਈ ਰਾਹੀਂ ਦਿੱਤੀ ਜਾਂਦੀ ਹੈ, ਤੋਂ 100 ਫ਼ੀਸਦੀ ਤੱਕ ਛੋਟ ਲੈ ਸਕਣਗੇ।ਕੈਬਨਿਟ ਨੇ ਇਹ ਫ਼ੈਸਲਾਪੰਜਾਬ ਵਿਚ ਕੋਵਿਡ ਦੀ ਮਾਰ ਕਾਰਨ ਵਧਦੇ ਕੇਸਾਂ ਮਗਰੋਂ ਆਕਸੀਜਨ ਦੀ ਥੁੜ ਕਾਰਨ ਪੈਦਾ ਹੋਈ ਹਾਲਤ ਵਿੱਚ ਲਿਆ ਹੈ।ਇਸ ਸਮੇਂ ਪੰਜਾਬ ਨੂੰਦੂਸਰੇ ਰਾਜਾਂ ਤੋਂ 195 ਐੱਮ ਟੀ ਆਕਸੀਜਨ ਸਪਲਾਈਰੋਜ਼ ਮਿਲਦੀ ਹੈ।

ਸਿਹਤ ਸੈਕਟਰੀ ਹੁਸਨ ਲਾਲ ਨੇ ਮੰਤਰੀ ਮੰਡਲ ਨੂੰ ਦੱਸਿਆ ਕਿ ਪੰਜਾਬ ਦੇ 14 ਜ਼ਿਲ੍ਹਿਆਂ ਵਿਚ ਕੋਰੋਨਾ ਵਾਇਰਸ ਦੀ ਪਾਜ਼ੇਟੀਵਿਟੀ ਦਰ 10 ਫ਼ੀਸਦੀ ਤੇ 6 ਜ਼ਿਲ੍ਹਿਆਂ ਵਿਚ 11 ਫ਼ੀਸਦੀ ਹੈ। ਮੋਹਾਲੀ ਵਿਚ ਸਭ ਤੋਂ ਵੱਧ 25 ਫ਼ੀਸਦੀ ਹੈ। ਉਨ੍ਹਾਂ ਦੱਸਿਆ ਕਿ ਹਾਲਾਤ ਨਾਜ਼ੁਕ ਹਨ ਤੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿਚ ਲੈਵਲ-2 ਦੇ 70 ਫ਼ੀਸਦੀ ਅਤੇ ਲੈਵਲ 3 ਦੇ 80 ਫ਼ੀਸਦੀ ਬਿਸਤਰੇ ਭਰੇ ਹੋਏ ਹਨ ਤੇ ਰੋਜ਼ 10-30 ਮਰੀਜ਼ ਵੈਂਟੀਲੇਟਰ ਉੱਤੇ ਜਾਣ ਨਾਲ ਆਸਾਰ ਚੰਗੇ ਨਹੀਂ। ਉਨ੍ਹਾਂ ਜਾਣਕਾਰੀ ਦਿੱਤੀ ਕਿ ਸਰਕਾਰੀ ਮੈਡੀਕਲ ਕਾਲਜਾਂ, ਜ਼ਿਲ੍ਹਾਂ ਹਸਪਤਾਲਾਂ ਤੇ ਬਠਿੰਡਾ ਅਤੇ ਮੋਹਾਲੀ ਦੇ ਆਰਜੀ ਹਸਪਤਾਲਾਂ ਵਿਚ 2000 ਬਿਸਤਰੇ ਹੋਰ ਇਸ ਮਹੀਨੇ ਦੇ ਅੰਤ ਤੱਕ ਵਧਾਉਣ ਲਈ ਰੈਗੂਲਰ ਸਟਾਫ ਦੀ ਭਰਤੀ ਸ਼ੁਰੂ ਕਰ ਦਿੱਤੀਤੇ ਵਿਸ਼ੇਸ਼ ਕੋਵਿਡ ਡਿਊਟੀਆਂ ਲਈ ਵਿਦਿਆਰਥੀਆਂ, ਸਿਖਿਆਰਥੀਆਂ ਤੇ ਆਊਟ ਸੋਰਸ ਅਮਲਾ ਨਿਯੁਕਤ ਕੀਤਾ ਹੈ।ਉਨ੍ਹਾ ਦੱਸਿਆ ਕਿ ਜ਼ਰੂਰੀ ਦਵਾਈਆਂ, ਜਿਨ੍ਹਾਂ ਵਿਚ 50 ਲੱਖ ਰੈਮਡੇਸੀਵੀਰ 100 ਐਮ ਜੀ ਟੀਕੇ ਸ਼ਾਮਲ ਹਨ, ਦੇ ਆਰਡਰ ਦੇ ਦਿੱਤੇ ਹਨ ਅਤੇ ਕੁਝ ਹੀ ਦਿਨਾਂ ਵਿੱਚ ਇਨ੍ਹਾਂ ਦੀ ਸਪਲਾਈ ਹੋ ਜਾਣ ਦੀ ਆਸ ਹੈ।

# ਡੋਨਾਲਡ ਟਰੰਪ ਨੇ ਆਪਣਾ ਸੋਸ਼ਲ ਮੀਡੀਆ ਪਲੇਟਫਾਰਮ ਚਲਾ ਲਿਆ

*** ਫੇਸਬੁੱਕ ਅਕਾਊਂਟ ਅਜੇ ਵੀ ਸਸਪੈਂਡ ਰਹੇਗਾ**

ਸਾਨ ਫਰਾਂਸਿਸਕੋ, 5 ਮਈ, (ਪੋਸਟ ਬਿਊਰੋ)- ਫੇਸਬੁੱਕ ਅਤੇ ਟਵਿੱਟਰ ਉੱਤੇ ਪਾਬੰਦੀ ਲੱਗਣ ਪਿੱਛੋਂ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨਵਾਂ ਸੋਸ਼ਲ ਮੀਡੀਆ ਪਲੇਟਫਾਰਮ ਲਾਂਚ ਕਰ ਲਿਆ ਹੈ, ਜਿਹੜਾ ਅਸਲ ਵਿੱਚਆਪਣੀ ਵੈੱਬਸਾਈਟ ਉੱਤੇ ਸਿਰਫ ਇਕ ਵਰਡਪ੍ਰੈੱਸ ਬਲਾਗ ਹੈ। ਉਨ੍ਹਾਂ ਦੇ ਫਾਲੋਅਰਸ ਆਪਣੇ ਈਮੇਲ ਅਤੇ ਫੋਨ ਨੰਬਰਾਂ ਦੇ ਨਾਲ ਇਸ ਪਲੇਟਫਾਰਮ ਉੱਤੇ ਅਲਰਟ ਲਈ ਸਾਈਨਅਪ ਕਰ ਸਕਦੇ ਹਨ।

ਟਰੰਪ ਦਾ ਨਵਾਂ ਮੰਚ ਟਵਿੱਟਰ ਦੇ ਇਕ ਆਮ ਐਡੀਸ਼ਨ ਵਾਂਗ ਬਣਾਇਆ ਹੈ, ਪਰ ਇਹ ਰਨਿੰਗ ਬਲਾਗ ਦੇ ਵਾਂਗਹੋਸਟ ਕੀਤਾ ਗਿਆ ਹੈ। ਟਰੰਪ ਨੇ ਨਵੇਂ 'ਪਲੇਟਫਾਰਮ' ਉੱਤੇ 24 ਮਾਰਚ ਤੱਕ ਕੰਟੈਂਟ ਪੋਸਟ ਕੀਤਾ ਹੈ, ਜਿਸ ਵਿੱਚ ਨਵੀਂ ਪੋਸਟ ਦੀ ਵੀਡੀਓ ਹੈ, ਜੋ ਉਸ ਦੇ ਨਵੇਂ ਪਲੇਟਫਾਰਮ ਦੀ ਐਡ ਹੈ। ਇਸ ਵਿਚ ਆਜ਼ਾਦ ਤੌਰਬੋਲਣ ਦਾ ਹੱਕ ਰਾਖਵਾਂ ਹੈ।ਜਾਪਦਾ ਹੈ ਕਿ ਟਰੰਪ ਦੇ ਸਾਬਕਾ ਮੁਹਿੰਮ ਪ੍ਰਬੰਧਕ ਬ੍ਰੈਡ ਪਾਰਸਕੇਲਦੀ ਡਿਜੀਟਲ ਕੰਪਨੀ, ਕੰਪੇਨ ਨਿਊਕਲੀਅਸਨੇ ਇਹ ਮੰਚ ਬਣਾਇਆ ਹੈ। 6 ਜਨਵਰੀ ਨੂੰ ਕੈਪੀਟਲ ਹਮਲੇ ਪਿੱਛੋਂ ਫੇਸਬੁੱਕ ਉੱਤੇ ਪਾਬੰਦੀਸ਼ੁਦਾ ਕੀਤੇ ਟਰੰਪ ਦੀ ਪਾਬੰਦੀ ਉੱਤੇਆਜ਼ਾਦ ਓਵਰਸੀਜ਼ ਬੋਰਡ ਵੱਲੋਂ ਟਰੰਪ ਦਾ 'ਪਲੇਟਫਾਰਮ' ਸਰਕਾਰੀ ਮੰਚ ਤੋਂ ਅੱਗੇ ਲੰਘ ਗਿਆ ਹੈ।

ਫਿਰ ਵੀ ਡੋਨਾਲਡ ਟਰੰਪ ਦੀ ਫੇਸਬੁੱਕ ਉੱਤੇ ਵਾਪਸੀ ਅਜੇ ਨਹੀਂ ਹੋਵੇਗੀ।ਇਸ ਨੈੱਟਵਰਕ ਦੇ ਅਰਧ-ਸੁਤੰਤਰ ਨਿਗਰਾਨੀ ਬੋਰਡ ਨੇ ਫੇਸਬੁੱਕ ਉੱਤੇ ਉਸ ਦਾ ਅਕਾਊਂਟ ਸਸਪੈਂਡਰੱਖਣ ਦੇ ਪੱਖ ਵਿੱਚ ਰਾਏ ਦਿੱਤੀ ਹੈ। ਵਾਸ਼ਿੰਗਟਨ ਵਿੱਚ 6 ਜਨਵਰੀ ਨੂੰ ਪਾਰਲੀਮੈਂਟ ਭਵਨ ਵਿੱਚ ਹੋਈ ਹਿੰਸਾ ਭੜਕਾਉਣ ਉਤੇ ਚਾਰ ਮਹੀਨੇ ਪਹਿਲਾਂ ਟਰੰਪ ਦਾ ਖਾਤਾ ਰੋਕ ਦਿੱਤਾ ਗਿਆ ਸੀ।ਇਸ ਨੂੰ ਸਸਪੈਂਡ ਰੱਖਦੇ ਹੋਏ ਬੋਰਡ ਨੂੰ ਉਸ ਤਰੀਕੇ ਵਿੱਚ ਕਮੀ ਨਜ਼ਰ ਆਈ ਹੈ, ਜਿਸ ਤਹਿਤ ਫੇਸਬੁੱਕ ਨੇ ਇਹ ਫੈਸਲਾ ਲਿਆ ਸੀ। ਬੋਰਡ ਨੇ ਕਿਹਾ ਕਿ ਫੇਸਬੁੱਕਵੱਲੋਂ ਯਕੀਨੀ ਤੌਰ ਉੱਤੇ ਸਸਪੈਂਡ ਦਾ ਅਣਮਿੱਥੇ ਅਤੇ ਸਟੈਂਡਰਡ ਰਹਿਤ ਜੁਰਮਾਨਾ ਲਾਉਣਾ ਠੀਕ ਨਹੀਂ। ਬੋਰਡ ਨੇ ਕਿਹਾ ਕਿ ਫੇਸਬੁੱਕ ਕੋਲ 7 ਜਨਵਰੀ ਨੂੰ ਲਾਏ ਜੁਰਮਾਨੇ ਵਿਰੁੱਧ ਫਿਰ ਜਾਂਚ ਕਰ ਕੇ ਕੋਈ ਹੋਰ ਜੁਰਮਾਨਾ ਤੈਅ ਕਰਨ ਲਈ 6 ਮਹੀਨੇ ਸਮਾਂ ਹੈ,ਜਿਹੜਾਉਲੰਘਣਾ ਦੀ ਗੰਭੀਰਤਾ ਤੇ ਭਵਿੱਖਦੇ ਨੁਕਸਾਨ ਦੀ ਸੰਭਾਵਨਾ ਦਰਸਾਉਂਦਾ ਹੈ। ਬੋਰਡ ਨੇ ਕਿਹਾ ਕਿ ਨਵਾਂ ਜੁਰਮਾਨਾ ਯਕੀਨੀ ਤੌਰ ਉੱਤੇਸਪੱਸ਼ਟ, ਜ਼ਰੂਰੀ ਅਤੇ ਅਨੁਪਾਤਕ ਅਤੇ ਗੰਭੀਰ ਉਲੰਘਣਾ ਬਾਰੇ ਫੇਸਬੁੱਕ ਦੇ ਨਿਯਮਾਂ ਮੁਤਾਬਕ ਹੋਣਾ ਚਾਹੀਦਾ ਹੈ।


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

REXDALE BODY SHOP — USED CAR SALE

Specialization In:
★ All Kinds of Body Work
★ Auto Glass Windshield
★ Denting, Painting & Welding

SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM

CHEEMA
LOWEST PRICE IN TOWN
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

Grand Upholstery Ltd
Sofa Company Originality in Every Piece

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

Special on Sale

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

NEED A LAWYER ??
Red Seal NOTARY
KAUR LAW OFFICE

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

MANJEET KAUR
LL.B., (London UK)
Barrister, Solicitor & Notary Public

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

UK TRUCK TRAINING CENTRE
PCC #179958
Registered as a Private Careers College

ਹੁਣ ਕੈਂਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

➡ Forklift Training
Forklift $79 Recertification
Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲ੍ਹਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਜੱਸਾ ਸਿੰਘ ਰਾਮਗੜ੍ਹੀਆ ਅਤੇ ਗਿਆਨੀ ਜ਼ੈਲ ਸਿੰਘ ਦੇ ਜਨਮ ਦਿਹਾੜੇ ਵਰਚੂਅਲ ਸਮਾਗਮ

ਅੰਮ੍ਰਿਤਸਰ, 5 ਮਈ (ਗਿਆਨ ਸਿੰਘ): ਸਿੱਖ ਕੌਮ ਦੇ ਮਹਾਨ ਜਰਨੈਲ ਸ. ਜੱਸਾ ਸਿੰਘ ਰਾਮਗੜ੍ਹੀਆ ਅਤੇ ਗਿਆਨੀ ਜ਼ੈਲ ਸਿੰਘ ਸਾਬਕਾ ਰਾਸ਼ਟਰਪਤੀ ਭਾਰਤ ਸਰਕਾਰ ਦਾ ਜਨਮ ਦਿਹਾੜਾ ਵਰਚੂਅਲ ਸਮਾਗਮ ਰਾਂਹੀ ਮਨਾਇਆ ਗਿਆ। ਪਹਿਲਾਂ ਅੰਮ੍ਰਿਤਸਰ ਦੀਆਂ ਸਮੂਹ ਜੱਥੇਬੰਦੀਆਂ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਹਰ ਸਾਲ ਰਾਮਗੜ੍ਹੀਆ ਬੁੰਗਾ ਸ੍ਰੀ ਦਰਬਾਰ ਸਾਹਿਬ ਵਿਖੇ ਸਿੱਖ ਕੌਮ ਦੇ ਮਹਾਨ ਜਰਨੈਲ ਸ. ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਮਨਾਉਂਦੀਆਂ ਰਹੀਆਂ ਹਨ। ਪਰ ਕੋਵਡਿ-19 ਦੇ ਪ੍ਰਕੋਪ ਅਤੇ ਸਰਕਾਰੀ ਸਖ਼ਤ ਹਦਾਇਤਾਂ ਨੰ ਮੁੱਖ ਰਖਦੇ ਹੋਏ ਇਸ ਸਾਲ 298ਵਾਂ ਜਨਮ ਦਿਹਾੜੇ ਨੂੰ ਵਰਚੂਅਲ ਸਮਾਗਮ ਦੇ ਰੂਪ ਵਿੱਚ ਮਨਾਇਆ ਗਿਆ। ਜਿਸ ਵਿਚ ਦੇਸ਼ ਵਿਦੇਸ਼ ਤੋਂ ਪ੍ਰਸਿੱਧ ਇਤਹਾਸਕਾਰ ਲੇਖਕਾਂ ਅਤੇ ਵਿਦਵਾਨਾਂ ਨੇ ਸਮੂਲੀਅਤ ਕੀਤੀ। ਇਤਹਾਸਕ ਵਿਚਾਰਾਂ ਕਰਨ ਉਪਰੰਤ ਲਿਖੇ ਮਤੇ ਪਾਸ ਕੀਤੇ ਗਏ।

ਪਹਿਲੇ ਮਤੇ ਰਾਂਹੀ ਬੀਬੀ ਜਗੀਰ ਕੌਰ ਪ੍ਰਧਾਨ ਸ਼੍ਰੋਮਣੀ ਕਮੇਟੀ ਦਾ ਰਾਮਗੜ੍ਹੀਆ ਬੁੰਗੇ ਨੂੰ ਸੰਗਤਾਂ ਦੇ ਦਰਸ਼ਨ ਕਰਨ ਲਈ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਰਸਤਾ ਖੋਹਲਣ, ਬੁੰਗੇ ਨਵੀਨੀਕਰਨ ਅਤੇ ਮਾਡਰਨ ਹਾਈਟੈਕ ਅਜ਼ੈਬ ਘਰ ਬਨਾਉਣ ਦੇ ਫ਼ੈਸਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ।

ਦੂਜੇ ਮਤੇ ਰਾਂਹੀ ਕੇਦਰ ਸਰਕਾਰ, ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੂੰ ਬੇਨਤੀ ਕੀਤੀ ਗਈ ਕਿ 5 ਮਈ 2023 ਨੂੰ ਮਹਾਰਾਜਾ ਸ. ਜੱਸਾ ਸਿੰਘ ਰਾਮਗੜ੍ਹੀਆ ਦੇ 300ਵਾਂ ਜਨਮ ਦਿਹਾੜੇ ਨੂੰ ਸਰਕਾਰੀ ਪੱਧਰ ਤੇ ਮਨਾਇਆ ਜਾਵੇ।

ਤੀਜੇ ਮਤੇ ਰਾਂਹੀ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੂੰ 300ਵੇਂ ਸ਼ਤਾਬਦੀ ਜਨਮ ਦਿਹਾੜੇ ਤੱਕ ਰਾਮਗੜ੍ਹੀਆ ਬੁੰਗੇ ਸਬੰਧੀ ਉਲੀਕਿਆ ਪ੍ਰਾਜੈਕਟ ਮੁਕੰਮਲ ਕਰਨ ਦੀ ਅਪੀਲ ਕੀਤੀ।



ਇਸ ਵਰਚੂਅਲ ਸਮਾਗਮ ਵਿੱਚ ਯੂ.ਕੇ. ਤੋਂ ਵਲਜਿੰਦਰ ਸਿੰਘ ਵਿਰਦੀ, ਮੁੰਬਈ ਤੋਂ ਅਜੀਤ ਸਿੰਘ ਖੋਖਰ, ਸਤਪਾਲ ਸਿੰਘ ਭਾਰਜ, ਨਾਗਪੁਰ ਤੋਂ ਬਲਬੀਰ ਸਿੰਘ ਰੇਨੂ, ਦਿੱਲੀ ਤੋ ਆਲ ਇੰਡੀਆਂ ਰਾਮਗੜ੍ਹੀਆ ਵਿਸ਼ਵਕਰਮਾ ਦੇ ਕੌਮੀ ਪ੍ਰਧਾਨ ਸੁਖਦੇਵ ਸਿੰਘ ਰਿਐਤ, ਇਤਹਾਸਕਾਰ ਆਰਕੀਟੈਕਟ ਬੁੱਤਘਾੜੇ ਅਤੇ ਚਿੱਤਰਕਾਰ ਗੁਰਦੇਵ ਸਿੰਘ ਰੂਪਰਾਏ, ਡੇਹਰਾਦੂਨ ਤੋਂ ਅਮਰੀਕ ਸਿੰਘ ਭੂਈ, ਮੋਗਾ ਤੋਂ ਗਿਆਨ ਸਿੰਘ ਰਿਟ: ਡੀ.ਪੀ,ਆਰ.ਓ., ਹੁਸ਼ਿਆਰਪੁਰ ਤੋਂ ਹਰਦੇਵ ਸਿੰਘ ਕੌਂਸਲ, ਲੁਧਿਆਨੇ ਤੋਂ ਡਾ: ਕਰਨੈਲ ਸਿੰਘ ਕਲਸੀ, ਉੱਘੇ ਇਤਹਾਸਕਾਰ ਬੀਬੀ ਅਮਰਜੀਤ ਕੌਰ ਬੰਮਰਾਹ ਇੱਬਨ ਕਲਾਂ, ਸੁਖਵਿੰਦਰ ਸਿੰਘ ਘਟੌੜੇ, ਇੰਜੀ: ਗੁਰਮੁਖ ਸਿੰਘ, ਜਤਿੰਦਰ ਸਿੰਘ ਓਸਾਹਨ, ਕੁਲਵੰਤ ਸਿੰਘ ਸਹਿਮੀ, ਜਸਪਾਲ ਸਿੰਘ ਪਦਮ, ਜਤਿੰਦਰ ਸਿੰਘ ਸਫ਼ਰੀ ਅਤੇ ਕਮਲਸ਼ੇਰ ਸਿੰਘ ਨੇ ਸ. ਜੱਸਾ ਸਿੰਘ ਰਾਮਗੜ੍ਹੀਆ ਦੇ ਮਾਣਮੱਤੇ ਇਤਹਾਸ ਬਾਰੇ ਆਪਣੇ-ਆਪਣੇ ਵਿਚਾਰ ਰੱਖੇ।ਸ. ਜੱਸਾ ਸਿੰਘ ਆਹਲੂਵਾਲੀਆ ਫ਼ੈਡਰੇਸ਼ਨ ਦੇ ਪ੍ਰਧਾਨ ਜਗਦੀਸ਼ ਸਿੰਘ ਆਹਲੂਵਾਲੀਆ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।

ਜੱਸਾ ਸਿੰਘ ਰਾਮਗੜ੍ਹੀਆ ਦਾ 300ਵਾਂ ਜਨਮ ਦਿਹਾੜਾ ਮਨਾਉਣ ਲਈ ਅੰਤਰ-ਰਾਸ਼ਟਰੀ ਪੱਧਰ ਤੇ ਬੋਰਡ/ ਸੰਸਥਾ ਗਠਨ ਕਰਨ ਤੇ ਜੋਰ ਦਿੱਤਾ ਗਿਆ। ਅਜ ਦੇ ਸਮਾਗਮ ਵਿਚ ਸੁਖਵਿੰਦਰ ਸਿੰਘ ਧੰਜਲ ਨੇ ਹੋਸਟ ਦੀ ਡਿਊਟੀ ਨਿਭਾਈ।

# ਅਫਸਰਾਂ ਨੂੰ ਜੇਲ੍ਹ ਵਿੱਚ ਪਾਉਣ ਨਾਲ ਆਕਸੀਜਨ ਦਾ ਸੰਕਟ ਹੱਲ ਨਹੀਂ ਹੋਣਾ : ਸੁਪਰੀਮ ਕੋਰਟ

ਨਵੀਂ ਦਿੱਲੀ, 5 ਮਈ, (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਕਿਹਾ ਕਿ ਅਧਿਕਾਰੀਆਂ ਨੂੰ ਜੇਲ੍ਹ ਵਿਚ ਪਾਉਣ ਨਾਲ ਦਿੱਲੀ ਵਿਚ ਆਕਸੀਜਨ ਨਹੀਂ ਆਉਣੀ। ਕੋਰਟ ਨੇ ਇਹ ਟਿਪਣੀ ਦਿੱਲੀ ਹਾਈ ਕੋਰਟ ਦੇ ਆਦੇਸ਼ ਦੇ ਖ਼ਿਲਾਫ਼ ਕੇਂਦਰ ਦੀ ਅਪੀਲ ਉੱਤੇ ਸੁਣਵਾਈ ਕਰਦੇ ਹੋਏ ਕੀਤੀ ਅਤੇ ਹਾਈ ਕੋਰਟ ਦੀ ਹੁਕਮ ਅਦੂਲੀ ਕਾਰਵਾਈਵੀ ਰੋਕ ਦਿੱਤੀ, ਪਰ ਕਿਹਾ ਕਿ ਅਸੀਂ ਹਾਈ ਕੋਰਟ ਨੂੰ ਕੋਰੋਨਾ ਮੈਨੇਜਮੈਂਟ ਕੇਸਾਂ ਦੀ ਨਿਗਰਾਨੀ ਤੋਂਨਹੀਂ ਰੋਕਾਂਗੇ।

ਸੁਪਰੀਮ ਕੋਰਟ ਨੇ ਇਸ ਮੌਕੇ ਕੇਂਦਰ ਸਰਕਾਰ ਤੋਂ ਪੁੱਛਿਆ ਕਿ ਤਿੰਨ ਮਈ ਤੋਂ ਅੱਜ ਤੱਕਕਿੰਨੀ ਆਕਸੀਜਨ ਦੀ ਸਪਲਾਈਦਿੱਲੀ ਨੂੰ ਕੀਤੀ ਹੈ। ਅਦਾਲਤ ਨੇ ਕਿਹਾ ਕਿ ਅਸੀਂ ਇਹ ਯਕੀਨੀ ਬਣਾਈਏ ਕਿ ਲੋਕਾਂ ਦੀ ਜਾਨ ਬਚੇ। ਸੁਪਰੀਮ ਕੋਰਟ ਰਾਜਧਾਨੀ ਵਿੱਚ ਕੋਰਨਾ ਮਰੀਜ਼ਾਂ ਦੇ ਇਲਾਜ ਲਈ ਆਕਸੀਜਨ ਸਪਲਾਈ ਯਕੀਨੀ ਕਰਨ ਦੇ ਆਦੇਸ਼ ਦੀ ਪਾਲਣਾ ਵਿਚ ਨਾਕਾਮ ਰਹਿਣ ਕਾਰਨ ਕੇਂਦਰ ਸਰਕਾਰ ਨੂੰ ਦਿੱਲੀ ਹਾਈ ਕੋਰਟ ਦੀ ਹੁਕਮ ਅਦੂਲੀ ਕਾਰਵਾਈ ਦੇ ਨੋਟਿਸ ਖ਼ਿਲਾਫ਼ ਅਰਜ਼ੀ ਉੱਤੇ ਸੁਣਵਾਈ ਕਰ ਰਹੀ ਸੀ। ਹਾਈ ਕੋਰਟ ਨੇ ਸਬੰਧਤ ਅਧਿਕਾਰੀਆਂ ਨੂੰ ਨਿੱਜੀ ਤੌਰ ਉੱਤੇ ਹਾਜ਼ਰ ਰਹਿਣ ਦਾ ਨਿਰਦੇਸ਼ ਦਿੱਤਾ ਹੈ। ਜਸਟਿਸ ਡੀਵਾਈ ਚੰਦਰਚੂੜ ਅਤੇ ਜਸਟਿਸ ਐੱਮ ਆਰ ਸ਼ਾਹ ਦੇ ਬੈਂਚ ਨੇ ਦਿੱਲੀ ਵਿਚਲੀ ਮਹਾਮਾਰੀ ਦੀ ਗੰਭੀਰ ਸਥਿਤੀ ਦੇਖ ਕੇ ਤਿੰਨ ਮਈ ਤੋਂ 700 ਮੀਟ੍ਰਿਕ ਟਨ ਆਕਸੀਜਨ ਸਪਲਾਈ ਦਾ ਆਦੇਸ਼ ਦਿੱਤਾ ਸੀ। ਅਦਾਲਤ ਨੇ ਕੇਂਦਰ ਨੂੰ ਕਿਹਾ ਕਿ ਕੱਲ੍ਹ ਤਕ ਦੱਸੇ ਕਿ ਉਹ ਦਿੱਲੀ ਨੂੰ 700 ਮੀਟ੍ਰਿਕ ਟਨ ਆਕਸੀਜਨ ਦੀ ਸਪਲਾਈ ਕਿਵੇਂ ਕਰੇਗੀ।

ਸਰਕਾਰ ਦੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ, 'ਕੇਂਦਰ ਅਤੇ ਦਿੱਲੀ ਦੀ ਚੁਣੀ ਹੋਈ ਸਰਕਾਰ ਕੋਰੋਨਾ ਮਰੀਜ਼ਾਂ ਦੀ ਸੇਵਾ ਦੀ ਸੰਭਵ ਕੋਸ਼ਿਸ਼ ਕਰ ਰਹੀਆਂ ਹਨ।' ਬੈਂਚ ਨੇ ਕਿਹਾ, 'ਤੁਸੀਂ ਦੱਸੋ, ਤੁਸੀਂ ਪਿਛਲੇ ਤਿੰਨ ਦਿਨਾਂ ਵਿੱਚ ਦਿੱਲੀ ਨੂੰ ਕਿੰਨੀ ਆਕਸੀਜਨ ਦੀ ਸਪਲਾਈ ਕੀਤੀ ਹੈ।'

ਓਧਰ ਇਲਾਹਾਬਾਦ ਹਾਈ ਕੋਰਟ ਨੇ ਉੱਤਰ ਪ੍ਰਦੇਸ਼ ਵਿੱਚ ਕੋਰੋਨਾ ਦੇ ਮਰੀਜ਼ਾਂ ਵਾਲੇ ਹਸਪਤਾਲਾਂ ਵਿੱਚ ਆਕਸੀਜਨ ਸਪਲਾਈ ਪ੍ਰਭਾਵਿਤ ਹੋਣਬਾਰੇ ਕਿਹਾ ਹੈ ਕਿ ਹਸਪਤਾਲਾਂ ਨੂੰ ਆਕਸੀਜਨ ਨਾ ਦੇਣਾ ਜੁਰਮ ਹੈ, ਇਹ ਕਤਲੇਆਮ ਤੋਂ ਘੱਟ ਨਹੀਂ।ਇਨ੍ਹਾਂ ਮੌਤਾਂ ਦੀ ਜਵਾਬਦੇਹੀ ਆਕਸੀਜਨ ਸਪਲਾਈ ਕਰਤਿਆਂ ਦੀ ਹੈ। ਲਖਨਊ ਤੇ ਮੇਰਠ ਦੇ ਜ਼ਿਲ੍ਹਾ ਅਫਸਰਾਂ ਨੂੰ ਆਕਸੀਜਨ ਦੀ ਕਮੀ ਨਾਲ ਮੌਤ ਦੀਆਂ ਖ਼ਬਰਾਂ ਦੀ 48 ਘੰਟੇ ਵਿਚ ਜਾਂਚ ਕਰ ਕੇ ਰਿਪੋਰਟ ਦੇਣ ਅਤੇਜਵਾਬਦੇਹੀ ਤੈਅ ਕਰਨ ਲਈ ਕੋਰਟ ਨੇਕਿਹਾ ਅਤੇ ਵਰਚੁਅਲ ਸੁਣਵਾਈ ਵਿੱਚਜ਼ਿਲ੍ਹਾ ਅਧਿਕਾਰੀ ਨੂੰ ਹਾਜ਼ਰ ਹੋਣ ਨੂੰ ਕਿਹਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇਂ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

ਜ਼ਰੂਰ ਜਾਣੋ; ਗਿਆਨ ਗੰਗਾ
|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?
ਗਿਆਨ ਗੰਗਾ
ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best
FOR SALE
EXCLUSIVE FOR SALE IN WOODSTOCK
CLOSING IN APRIL 2021
Bedroom 4 | Bathroom 2+1
Size (Sq.Ft.) 2455 | Home Details 42'
FOR SALE
EXCLUSIVE
JAMES C
CLOSING IN APRIL 2021
Bedroom 4 | Bathroom 2+1
Size (Sq.Ft.) 2250 | Home Details 36'
3+1 bdrms with finished Basement
FOR SALE
Kamal Sandhu 647-891-0143
Re/Max Gold Realty Inc Brokerage
Just listed for sale on MLS, 5 Sedgegrass way Brampton
KAMAL SANDHU RE/MAX GOLD REALTY INC BROKERAGE

# ਪੰਜਾਬੀ ਖੇਡ ਸਾਹਿਤ-39: ਪੂਰਨ ਸਿੰਘ ਪਾਂਧੀ ਦੀ ਖੇਡ ਸ਼ੈਲੀ



ਪ੍ਰਿੰ. ਸਰਵਣ ਸਿੰਘ

ਨਚਣੁ ਕੁਦਣੁ ਮਨ ਕਾ ਚਾਉ। ਹਰ ਜੀਵਤ ਪ੍ਰਾਣੀ ਵਿੱਚ ਨੱਚਣ, ਕੁੱਦਣ ਤੇ ਗਤੀਸ਼ੀਲ ਹੋਣ ਦੀ ਤਾਂਘ ਤੇ ਤਮੰਨਾ ਹੈ। 'ਭੈ ਵਿਚਿ ਸੂਰਜੁ ਭੈ ਵਿਚ ਚੰਦੁ। ਕੋਹ ਕਰੋੜੀ ਚਲਤ ਨ ਅੰਤੁ' ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਸਿੱਧ ਕੀਤਾ ਕਿ ਬ੍ਰਹਿਮੰਡਦੇ ਵਿਆਪਕ ਪਸਾਰੇ ਵਿੱਚ, ਬੇਅੰਤ ਧਰਤੀਆਂ, ਚੰਦ, ਸੂਰਜ, ਤਾਰੇ ਸਿਤਾਰੇ ਕੁਦਰਤ ਦੇ ਇਸੇ ਵਿਧੀ ਵਿਧਾਨ ਅਨੁਸਾਰ ਕਰੋੜਾਂ ਕੋਹਾਂ ਦੀ ਰਫਤਾਰ ਨਾਲ਼ ਦੌੜਰਹੇ ਹਨ। ਧਰਤੀ ਦੇ ਹਰ ਜੀਵ ਜੰਤੂ ਵਿੱਚ ਵਿਕਾਸ ਕਰਨ ਤੇ ਦੌੜਨ ਦੀਆਂ ਤਾਂਘਾਂ ਹਨ।ਮਨੁੱਖੀ ਸਰੀਰ ਦੇਪੰਜ ਕਰਮ ਇੰਦਰੇ ਤੇ ਪੰਜ ਗਿਆਨ ਇੰਦਰਿਆਂ ਵਿੱਚ ਪਾਰੇ ਵਰਗੀ ਥਿਰਕਣ, ਧੜਕਣ ਤੇ ਹਰਕਤ ਕਰਨ ਦਾ ਵੇਗ ਤੇ ਵਹਾਅ ਹੈ।ਮਨੁੱਖੀ ਮਨ ਦੇ ਅਹਿਸਾਸਾਂ ਵਿੱਚ ਪ੍ਰਤੀ ਸੈਕਿੰਡ ਅਰਬਾਂ ਖਰਬਾਂ ਦਾ ਪੈਂਡਾ ਮਾਰਨ ਦੀ ਅਪਰੰਪਾਰ ਲ਼ੀਲਾਹੈ। ਦਿਮਾਗੀ ਅਨੁਭਵ ਵਿਚ, ਸੋਚਾਂ ਤੇ ਸਾਹਾਂ ਦੀਸੀਮਾ ਤੇ ਸਮਰਥਾ ਦਾਕੋਈ ਪਾਰਾਵਾਰ ਨਹੀਂ।ਪ੍ਰਕਿਰਤੀ ਦੇ ਕਣ ਕਣ ਵਿੱਚ ਵਿਕਾਸ ਕਰਨ ਦੀ ਦੌੜ ਹੈ। ਸਾਗਰੀ ਲਹਿਰਾਂ ਇੱਕ ਦੂਜੇ ਨਾਲ਼ ਖਹਿੰਦੀਆਂ, ਖੇਡਦੀਆਂ, ਕਲੋਲਾਂ ਕਰਦੀਆਂ ਹਨ। ਮਿਰਗ, ਮੀਨ,ਪਸ਼ੂ, ਪੰਛੀ ਆਪੋ ਆਪਣੀਆਂ ਕੌਤਕੀ ਖੇਡਾਂ ਵਿੱਚ ਤੇ ਉਡਾਰੀਆਂ ਵਿੱਚ ਮਗਨ ਹਨ। ਬਨਾਸਪਤੀ ਦੀਆਂ ਤਮਾਮ ਲਗਰਾਂ ਤੇ ਪੱਤਿਆਂ ਵਿੱਚ ਵਿਕਾਸ ਕਰਨ ਤੇ ਵਧਣ ਦੀਆਂ ਤਾਂਘਾਂ ਦੀ ਤੀਬਰਤਾ ਹੈ। ਹਵਾ ਜੀਵਨ ਦੀ ਖਿਡਾਵੀ ਹੈ। ਹਵਾ ਦੁਆਰਾ ਬਨਾਸਪਤੀ ਦੀਹਰ ਲਗਰ ਹਰ ਪੱਤੇ ਵਿੱਚ ਗੀਤ ਸੰਗੀਤ ਦੀ ਗੂੰਜ ਹੈ। ਇੰਜ ਜਾਪਦੈ ਜਿਵੇਂ ਕੁਦਰਤ ਨੇ ਜ਼ਿੰਦਗੀ ਨਾਲ਼ ਖੇਡਾਂ ਤੇ ਨੱਚਣ ਕੁੱਦਣ ਦਾ ਰੂਹਾਨੀ ਰਿਸ਼ਤਾ ਨਾਤਾ ਪੱਕਾ ਕਰ ਕੇ ਜੀਵਨ ਦਿੱਤਾ ਹੋਵੇ। ਪੰਘੂੜੇ ਵਿੱਚ ਪਿਆ ਅਨਭੋਲ ਬੱਚਾ ਕਦੇ ਹਸਦਾ, ਕਦੇ ਰੋਂਦਾ ਤੇ ਕਦੇ ਲੱਤਾਂ ਬਾਹਾਂ ਮਾਰਦਾ ਖੇਡਦਾ ਹੈ। ਇਹ ਉਸ ਦੀਆਂ ਬਚਪਨ ਅਵੱਸਥਾ ਦੀਆਂ ਖੇਡਾਂ ਹਨ। ਬੱਚਾ ਖੇਡ ਵਿੱਚ ਮਸਤ ਹੁੰਦਾ ਦੇਖਿਆ ਜਾਂਦਾ ਹੈ। ਬੱਚੇ ਦੇ ਵਿਕਾਸ ਕਰਨ ਤੇ ਵੱਡਾ ਹੋਣ ਨਾਲ਼ ਉਸ ਦੀਆਂ ਖੇਡਾਂ ਵੀ ਵਿਕਾਸ ਕਰਦੀਆਂ, ਬਦਲਦੀਆਂ ਹੋਈਆਂ ਬਾਹੂਬਲੀ ਹੋ ਜਾਂਦੀਆਂ ਹਨ। ਕੁਦਰਤ ਦੇ ਇਸ ਰਹੱਸਮਈ ਭਾਵ ਨੂੰ ਸਪੱਸ਼ਟ ਕਰਦਿਆਂ ਗੁਰੂ ਨਾਨਕ ਦੇਵ ਨੇ ਆਖਿਆ ਕਿ ਜ਼ਿੰਦਗੀ ਲਈ ਪੌਣ ਗੁਰੂ ਹੈ, ਪਾਣੀ ਪਿਤਾ ਤੇ ਧਰਤੀ ਮਾਤਾ ਹੈ।ਦਿਨ ਤੇ ਰਾਤ ਜ਼ਿੰਦਗੀ ਦੇ ਖਿਡਾਵੇ ਹਨ। ਇਨ੍ਹਾਂਖੇਡਾਂ ਦੁਆਰਾਸਾਰਾ ਜਗਤ ਖੇਡ ਰਿਹਾ ਹੈ:

ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤ।
ਦਿਵਸ ਰਾਤ ਦੁਇ ਦਾਈ ਦਾਇਆ ਖੇਲੈ ਸਗਲ ਜਗਤ।

ਪੂਰਨ ਸਿੰਘ ਪਾਂਧੀ ਗੁਰਮਤਿ ਦਾ ਵਿਦ-ਵਾਨ ਲੇਖਕ ਹੈ। ਉਸ ਦਾ ਜਨਮ 12 ਸਤੰਬਰ 1933 ਨੂੰ ਪਿਤਾ ਰਾਮ ਸਿੰਘ ਦੇ ਘਰ ਮਾਤਾ ਜੈ ਕੌਰ ਦੀ ਕੁੱਖੋਂ ਪਿੰਡ ਰਾਮੂਵਾਲਾ ਕਲਾਂ ਵਿਚ ਹੋਇਆ ਸੀ। ਉਸ ਨੇ ਭਿੰਡਰਾਂ ਦੀ ਟਕਸਾਲ ਤੋਂ ਗੁਰਮਤਿ ਦੀ ਸੰਥਿਆ ਲਈ ਅਤੇ ਗਿਆਨੀ, ਓ. ਟੀ. ਤੇ ਬੀਏ ਦੇ ਕੋਰਸ ਕਰਨ ਨਾਲ ਵੋਕਲ ਮਿਊਜ਼ਕ ਦਾ ਡਿਪਲੋਮਾ ਕੀਤਾ ਜਿਸ ਨਾਲਕਈ ਸਾਜ਼ ਵਜਾਉਣੇ ਵੀ ਸਿੱਖੇ। ਉਸ ਨੇ 1951 ਤੋਂ 91 ਤਕ ਬਤੌਰ ਗਿਆਨੀਅਧਿਆਪਕ ਵੱਖ-ਵੱਖ ਸਕੂਲਾਂ ਵਿਚ ਪੜ੍ਹਾਇਆ। ਵਿਚੋਂ ਸਾਲ ਕੁ ਲਈਥਾਈਲੈਂਡ ਜਾ ਕੇ ਬੈਂਕਾਕ ਦੇ ਗੁਰੂਘਰ ਤੇ ਖ਼ਾਲਸਾ ਸਕੂਲ ਵਿਚ ਸੇਵਾਵਾਂ ਦਿੱਤੀਆਂ। 1996 ਤੋਂ ਉਹ ਕੈਨੇਡਾ ਦਾ ਪਰਵਾਸੀ ਹੈ ਜਿਥੇ ਬਰੈਂਪਟਨ ਦੀਆਂ ਸਾਹਿਤਕ ਮਹਿਫ਼ਲਾਂ ਨੂੰ ਰੰਗ ਭਾਗ ਲਾ ਰਿਹੈ। 88 ਸਾਲ ਦੀ ਉਮਰ ਵਿਚ ਵੀ ਉਹਦਾ ਚਿਹਰਾ ਫੁੱਲ ਵਾਂਗ ਟਹਿਕਦੈ। ਉਹਦਾ ਸਮੁੱਚਾ ਵਜੂਦ ਹੀ 'ਪੂਰਨ ਪੂਰਨ' ਦੀ ਮਾਲਾ ਫੇਰਦਾ ਜਾਪਦੈ! ਉਹਦਾ ਕੱਦ ਭਾਵੇਂ ਸਮੱਧਰ ਹੈ ਪਰ ਧਰਤੀ ਤੋਂ ਜਿੰਨਾ ਉਪਰ ਹੈ ਧਰਤੀ 'ਚ ਓਦੂੰ ਵੱਧ ਹੈ। ਨਿਮਰ ਸੁਭਾਅ ਦਾ ਹੋਣ ਕਰਕੇ ਨਾ ਖੜ੍ਹਾ ਦਿਸਦਾ ਹੈ ਨਾ ਬੈਠਾ। ਅਸਲ ਵਿਚ ਉਹ ਦਿਸਣਾ ਚਾਹੁੰਦਾ ਹੀ ਨਹੀਂ। ਉਹਦੀ ਚਾਹਤ ਛਿਪੇ ਰਹਿਣ ਤੇ ਛਿਪ ਟੁਰ ਜਾਣ ਦੀ ਹੈ ਪਰ ਉਹਦੇ ਪ੍ਰਸੰਸਕ ਉਹਨੂੰ ਛਿਪਣ ਨਹੀਂ ਦਿੰਦੇ। ਉਸ ਨੇ ਦਰਜਨ ਤੋਂ ਵੱਧ ਕਿਤਾਬਾਂ ਲਿਖੀਆਂ ਹਨ ਜਿਨ੍ਹਾਂ ਵਿਚ ਅਹਿਮ ਪੁਸਤਕ 'ਸੰਗੀਤ ਦੀ ਦੁਨੀਆ' ਵੀ ਹੈ। ਉਸ ਦੀਆਂ ਮੁੱਖ ਸਤਰਾਂਪੜ੍ਹੋ:

ਕਾਦਰ ਕਰੀਮ ਦੀ ਬੇਅੰਤ ਰਚਨਾ ਵਿੱਚ ਗੀਤ ਸੰਗੀਤ ਦੀ ਗੂੰਜ ਅਤੇ ਝੂੰਮਦੀ ਲੈਅ ਦਾ ਪਸਾਰਾ ਹੈ। ਇਸ ਵਿਆਪਕ ਪਸਾਰੇ ਵਿਚ ਧਰਤੀ ਦਾ ਹਰ ਮਨੁੱਖ ਗੁਣਗੁਣਾਂਦੀ ਸੁੰਦਰਤਾ ਤੇ ਸੰਗੀਤ ਦਾ ਮਤਵਾਲਾ ਹੈ। ਸੰਗੀਤ ਮਨੁੱਖੀ ਮਨ ਦੀਆਂ ਸੂਖਮ ਤਾਰਾਂ ਤੇ ਤਰਬਾਂ ਵਿੱਚ ਤਰੰਗਾਂ ਪੈਦਾ ਕਰਦਾ; ਥੱਕੇ, ਉਦਾਸ ਤੇ ਨਿਰਾਸ ਮਨ ਨੂੰ ਆਪਣੀ ਬੁੱਕਲ ਵਿੱਚ ਆਸਰਾ ਦਿੰਦਾ; ਉਸ ਨੂੰ ਪਿਆਰਦਾ, ਦੁਲਾਰਦਾ, ਤਾਜ਼ਗੀ, ਖ਼ੁਸ਼ੀ ਤੇ ਖੇੜਾ ਪ੍ਰਦਾਨ ਕਰਦਾ ਹੈ। ਸਰਸ਼ਾਰੀ ਤੇ ਕਰਤਾਰੀ ਧੁਨਾਂ ਦੁਆਰਾ ਮਨੁੱਖ ਦੇ ਸਾਹਾਂ ਵਿੱਚ ਸੁਗੰਧੀ ਭਰਦਾ, ਰੰਗੀਨ ਤੇ ਹੁਸੀਨ ਅਵੱਸਥਾ ਪ੍ਰਦਾਨ ਕਰਦਾ ਹੈ। ਸੰਗੀਤ ਦੀਆਂ ਮਤਵਾਲੀਆਂ ਸੁਰਾਂ, ਧੁਨਾਂ ਤੇ ਲੈਆਂ, ਭਟਕਦੇ ਤੇ ਅਸਥਿਰ ਮਨ ਨੂੰ ਸਥਿਰ, ਸ਼ਾਤੀ ਤੇ ਝੂੰਮਦੀ ਮਸਤੀ ਪ੍ਰਦਾਨ ਕਰਦੀਆਂ ਹਨ...।

ਪਾਂਧੀ ਦੀ ਆਪਣੇ ਪਿੰਡ ਬਾਰੇ ਲਿਖੀ ਪੁਸਤਕ 'ਤੇਰੀਆਂ ਗੱਲਾਂ ਤੇਰੇ ਨਾਲ'ਵਿਚਲੀ ਸੁਹਜੀਲੀ ਸ਼ੈਲੀ ਦਾ ਸ਼ੀਸ਼ਾਵੀ ਵੇਖੋ: ਮੇਰੇ ਸਾਹਾਂ ਵਿਚ ਤੇਰੀ ਧੂੜ ਦੀ ਸੁਗੰਧੀ ਹੈ। ਮੇਰੇ ਰੋਮ ਰੋਮ ਵਿੱਚ ਤੇਰੀ ਮਿੱਟੀ ਦੇ ਨਕਸ਼ ਉੱਕਰੇ ਹੋਏ ਹਨ। ਤੇਰੀਆਂ ਹਵਾਵਾਂ ਨੇ ਮੈਨੂੰ ਅਰਸ਼ੀ ਉਡਾਣਾਂ ਦੀ ਪਰਵਾਜ਼ ਦਿੱਤੀ ਹੈ। ਮੇਰੇ ਅਹਿਸਾਸਾਂ ਵਿੱਚ ਤੇ ਮੇਰੇ ਬੋਲਾਂ ਵਿੱਚ ਤੇਰੇ ਮਿੱਠੇ ਤੇ ਮਧੁਰ ਗੀਤ-ਸੰਗੀਤ ਦੀ ਗੁੰਜਾਰ ਹੈ। ਤੇਰੇ ਪਿੱਪਲਾਂ, ਬੋਹੜਾਂ, ਕਿੱਕਰਾਂ, ਤੂਤਾਂ, ਨਿੰਮਾਂ ਦੀ ਸੰਘਣੀ ਛਾਂ ਦਾ ਆਨੰਦ, ਛੱਪੜਾਂ, ਜੌਹੜਾਂ ਤੇ ਢਾਬਾਂ ਦੇ ਪਾਣੀਆਂ ਵਿਚ ਤਾਰੀਆਂ ਲਾਉਣ ਦਾ ਅਲਬੇਲਾਪਣ, ਖੁੱਲ੍ਹੀਆਂ ਜੂਹਾਂ ਵਿਚ ਜੰਗਲੀ ਝਾੜੀਆਂ ਦੇ ਸੂਹੇ ਫੁੱਲਾਂ ਤੇ ਫਲਾਂ ਦੀਆਂ ਬਹਾਰਾਂ ਦਾ ਸੁਆਦ, ਭਿੰਨ ਭਿੰਨ ਫਸਲਾਂ ਦੀਆਂ ਸੁਗੰਧੀਆਂ, ਪਥਕਣਾਂ ਤੇ ਗਹੀਰਿਆਂ ਦਾ ਵਿਸਥਾਰ ਅਤੇ ਖੂਹਾਂ ਖਰਾਸਾਂ ਤੇ ਹੱਟੀਆਂ ਭੱਠੀਆਂ ਦੀਆਂ ਰੌਣਕਾਂ ਦੇ ਤੇਰੇ ਹੀ ਵੱਖ ਵੱਖ ਰੂਪ ਹਨ। ਚਾਟੀਆਂ ਵਿੱਚ ਦੁੱਧ ਰਿੜਕਦੀਆਂ ਮਧਾਣੀਆਂ, ਆਟਾ ਪੀਂਹਦੀਆਂ ਚੱਕੀਆਂ ਤੇ ਤ੍ਰਿੰਜਣਾਂ ਦੇ ਚਰਖਿਆਂ ਦੀ ਘੂਕ ਵਿੱਚੋਂ, ਖੁੱਲ੍ਹੀਆਂ ਜੂਹਾਂ ਤੇ ਸਰਸਬਜ਼ ਖੇਤਾਂ ਵਿੱਚੋਂ, ਹਾਲ਼ੀਆਂ ਪਾਲ਼ੀਆਂ ਦੀਆਂ ਹੇਕਾਂ ਵਿੱਚੋਂ, ਕਿਸੇ ਅਲਾਹੀ ਤੇ ਅਰਸ਼ੀ ਗੀਤ-ਸੰਗੀਤ ਦੀਆਂ ਤਰੰਗਾਂ ਛਿੜਦੀਆਂ ਹਨ।ਤੇਰੇ ਨਿੱਖਰੇ ਰੂਪ ਦੀ ਮਘਦੀ ਝਲਕ ਤੇਰੇ ਮੇਲਿਆਂ ਦੇ ਪਿੜਾਂ ਵਿੱਚੋਂ ਦੇਖੀ ਜਾਂਦੀ ਹੈ। ਵਿਸਾਖੀ, ਮਾਘੀ, ਦਿਵਾਲੀ, ਤਿੱਥਾਂ ਤਿਉਹਾਰਾਂ ਤੇ ਗੁਰਪੁਰਬਾਂ 'ਤੇ ਤੇਰਾ ਅਨੋਖਾ ਜਲੌਅ ਹੁੰਦਾ ਹੈ। ਤੀਆਂ ਦੇ ਗਿੱਧਿਆਂ ਵਿਚ ਭਖਦੇ ਜੋਬਨ ਦੀ ਲਾਲੀ ਅਤੇ ਧੂਹਵੇਂ ਚਾਦਰਿਆਂ ਵਾਲੇ ਚੋਬਰਾਂ ਦੇ ਭੰਗੜੇ ਵਿੱਚੋਂ ਸੂਰਬੀਰਤਾ ਝਲਕਾਂ ਮਾਰਦੀ ਹੈ।

...ਤੇਰਾ ਪਹਿਲਾਂ ਵਾਲਾ ਹੁਸਨ ਭਾਵੇਂ ਢਲ਼ ਗਿਆ ਹੈ ਤੇ ਤੇਰੇ ਗੋਰੇ ਮੁੱਖੜੇ 'ਤੇ ਭਖਦੇ ਹੁਸਨ ਦੀ ਲਾਲੀ ਵੀ ਫਿੱਕੀ ਪਈ ਜਾਪਦੀ ਹੈ। ਤੇਰੇ ਪੁਰਾਤਨ ਰੂਪ 'ਤੇ ਹੁਣ ਭਾਵੇਂ ਝਰੀਟਾਂ ਆ ਗਈਆਂ ਹਨ, ਸਮੇਂ ਦੀ ਚਾਲ ਨਾਲ ਭਾਵੇਂ ਇਹ ਬਦਲਾਅ ਹੋਣਾ ਹੀ ਸੀ, ਪਰ ਮੈਂ ਤੇਰਾ ਜਾਇਆ ਤੈਥੋਂ ਬੇਮੁਖ ਨਹੀਂ ਹੋ ਸਕਦਾ ਤੇ ਤੇਰੇ ਪਹਿਲਾਂ ਵਾਲੇ ਹੁਸਨ ਦਾ ਦੀਵਾਨਾ ਤੇਰੇ ਸਨਮੁਖ ਹਾਂ। 'ਤੇਰੀਆਂ ਗੱਲਾਂ ਤੇਰੇ ਨਾਲ' ਕਰਨ ਅਤੇ ਤੇਰੇ ਲਾਡਲੇਜਾਇਆਂ ਨੂੰ ਨਿੱਘਾ ਪਿਆਰ, ਡੂੰਘੀ ਮੁਹੱਬਤ ਤੇ ਹਾਰਦਿਕ ਸਿਜਦਾ ਕਰਨ ਲਈ ਮੈਂ ਇਹ ਨਿਮਾਣੇ ਅੱਖਰ ਲੈ ਕੇ ਹਾਜ਼ਰ ਹੋਇਆ ਹਾਂ।

ਵਰਿਆਮ ਸਿੰਘ ਸੰਧੂ ਦਾ ਕਥਨ ਹੈ: ਪਾਂਧੀ ਸੁਰੀਲੀ ਸ਼ਖ਼ਸੀਅਤ ਦਾ ਮਾਲਕ, ਸੁਰੀਲੀ ਵਾਰਤਕ ਦਾ ਸਿਰਜਕ, ਸੁਰੀਲੇ ਜੀਵਨ, ਸੁਰੀਲੇ ਸਮਾਜ ਤੇ ਸੁਰੀਲੇ ਸੱਭਿਆਚਾਰ ਦਾ ਤਲਬਗ਼ਾਰ ਹੈ। ਉਹ ਸੱਚਮੁੱਚ ਪੰਜਾਬੀ ਵਾਰਤਕ ਖੇਤਰ ਦਾ 'ਪਹੁੰਚਿਆ ਹੋਇਆ ਪਾਂਧੀ' ਹੈ।

ਮੈਂ ਉਹਦੇ ਅਭਿਨੰਦਨ ਗ੍ਰੰਥ 'ਸੁਰੀਲਾ ਤੇ ਰਸੀਲਾ ਸ਼ੈਲੀਕਾਰ ਪੂਰਨ ਸਿੰਘ ਪਾਂਧੀ' ਦੀ ਸੰਪਾਦਨਾ ਕਰਦਿਆਂ ਲਿਖਿਆ: ਪਾਂਧੀ ਸਫਲ ਅਧਿਆਪਕ, ਸੁਧ ਪਾਠੀ, ਸੁਰੀਲਾ ਰਾਗੀ, ਕਥਾਕਾਰ, ਸੇਵਾਦਾਰ, ਪ੍ਰਬੰਧਕ, ਸਟੇਜ ਸਕੱਤਰ, ਭਾਸ਼ਣਕਾਰ ਤੇ ਲੇਖਕ ਸਭ ਕੁਝ ਹੈ। ਇਹ ਸਮਝ ਲਓ ਕਿ ਨਾਈਨ ਇਨ ਵਨ ਹੈ। ਸਾਊ ਸੁਭਾਅ ਦਾ ਦਰਵੇਸ਼ ਲੇਖਕ। ਸਹਿਜ ਅਵੱਸਥਾ 'ਚ ਵਿਚਰਨ ਵਾਲਾ ਸੰਤੋਖੀ ਸੱਜਣ। ਜਿੰਨੀ ਉਹਦੀ ਬੋਲ ਬਾਣੀ ਮਿੱਠੀ ਹੈ, ਓਨੀ ਹੀ ਉਹਦੀ ਲੇਖਣੀ ਸੁਆਦਲੀ ਹੈ। ਉਹਦੀ ਰਸੀਲੀ ਵਾਰਤਕ ਪਾਠਕਾਂ ਨੂੰ ਕਾਇਲ ਕਰੀ ਰੱਖਦੀ ਹੈ...।

ਪਾਂਧੀ ਦੀ ਖੇਡ ਲਿਖਤ: ਮਨੁੱਖੀ ਫਿਤਰਤ ਵਿੱਚ ਲੜਨ ਭਿੜਨ, ਆਪਣੇ ਤੋਂ ਕਮਜ਼ੋਰ ਨੂੰ ਲੁੱਟਣ, ਕੁੱਟਣ ਅਤੇ ਕਿਸੇ ਦੀ 'ਜ਼ਰ, ਜ਼ੋਰੂ, ਜ਼ਮੀਨ' 'ਤੇ ਕਬਜ਼ਾ ਕਰਨ ਦੀ ਦਾਨਵ ਪਰਵਿਰਤੀਦਾ ਪਸਾਰਾ ਹੈ। ਅਜਿਹੀਆਂ ਹਿੰਸਕ ਤੇ ਮਾਰੂ ਪ੍ਰਵਿਰਤੀਆਂ ਨੂੰ ਬਦਲਦਿਆਂਸਿਆਣਿਆਂ ਨੇ ਮਨੁੱਖ ਨੂੰ ਖੇਡਾਂ ਖੇਡਣਨਾਲ਼ ਜੋੜਨ ਦਾ ਕਾਰਜ ਅਰੰਭਿਆ। ਖੇਡਾਂ ਦੁਆਰਾ ਮਨੁੱਖ ਆਪਣੀ ਜਿਸਮਾਨੀ ਤਾਕਤ ਦੁਆਰਾ ਆਪਣੇ ਵਿਰੋਧੀ 'ਤੇ ਧਾਵਾ ਕਰਦਾ ਹੈ। ਅੱਗੋਂ ਉਸ ਦੇ ਮੁਕਾਬਲੇ ਵਿੱਚ ਤਿਆਰ ਖਿਡਾਰੀ ਆਪਣੀ ਪੂਰੀ ਤਾਕਤ ਨਾਲ਼ ਧਾਵਾ ਰੋਕਦਾ ਹੈ। ਇਸ ਵਿੱਚ ਚਾਹੇ ਕਬੱਡੀ ਹੋਵੇ ਜਾਂ ਹੋਰ ਖੇਡਾਂ ਹੋਣ। ਹਰ ਖੇਡ ਵਿੱਚ ਹੱਲਾ ਕਰਨ ਤੇ ਹੱਲਾ ਰੋਕਣ ਦੀਆਂ ਤਰਕੀਬਾਂਤੇ ਵਿਧੀਆਂ ਹਨ। ਇਸ ਨਾਲ਼ ਜਿੱਥੇ ਸਰੀਰਕ ਸ਼ਕਤੀ ਵਿੱਚ ਵਾਧਾ ਹੁੰਦੈ ਉੱਥੇ ਇੱਕ ਦੂਜੇ ਨਾਲ਼ ਸਦਭਾਵਨਾ ਤੇ ਮੇਲ ਮਿਲਾਪ ਵੀ ਵਧਦੇ ਫੁਲਦੇ ਰਹਿੰਦੇ ਹਨ।

ਮਨੁੱਖ ਵਿੱਚ ਬਚਪਨ ਤੋਂ ਖੇਡਾਂ ਖੇਡਣ ਦੀਆਂ ਰੁਚੀਆਂ ਪਾਈਆਂ ਜਾਂਦੀਆਂ ਹਨ।ਬਚਪਨ ਵਿੱਚ ਹੋਰ ਤੇਜੁਆਨੀ ਵਿੱਚ ਹੋਰ। ਬੱਚੇ ਲੁਕਣਮੀਚੀ, ਖੁੱਦੋ-ਖੂੰਡੀ, ਗੁੱਲੀ-ਡੰਡਾ, ਸ਼ੱਕਰ ਭਿੱਜੀ,ਬੰਟੇ,ਰੀਠੇ ਆਦਿ ਕਈ ਤਰ੍ਹਾਂ ਦੀਆਂਖੇਡਾਂ ਖੇਡਦੇ ਤੇ ਮੌਜ ਮੇਲਾ ਕਰਦੇ ਹਨ। ਗੱਭਰੂ ਜ਼ੋਰ ਅਜਮਾਈ ਕਰਦਿਆਂ, ਕਸਰਤਾਂ ਕਰਦੇ ਤੇ ਮੁਕਾਬਲੇ ਦੀਆਂ ਖੇਡਾਂ ਖੇਡਦੇ ਹਨ। ਕੁਸ਼ਤੀ ਕਰਦੇ, ਘੋਲ ਘੁਲਦੇ, ਸੌਂਚੀ ਖੇਡਦੇ, ਦੌੜਦੇਤੇ ਉੱਚੀਆਂ ਲੰਮੀਆਂ ਛਾਲ਼ਾਂ ਲਾਉਂਦੇ ਹਨ। ਸ਼ਾਮ ਨੂੰਪਿੜਾਂ ਤੇ ਰੌੜਾਂ ਵਿੱਚ ਖੇਡਾਂ ਹੁੰਦੀਆਂ ਹੀ ਰਹਿੰਦੀਆਂ ਹਨ। ਮੇਲੇ ਵਰਗਾ ਮਾਹੌਲ ਬਣ ਜਾਂਦੈ। ਬਿਰਧ ਬਾਬੇ ਤੇ ਹੋਰ ਲੋਕ ਗੋਲ ਦਾਇਰੇਦੁਆਲੇਬੈਠ ਕੇ ਖੇਡਾਂ ਦਾ ਅਨੰਦ ਮਾਣਦੇ ਹਨ। ਬਾਜੀਗਰਾਂ ਦੀਆਂ ਬਾਜੀਆਂ ਤਾਂ ਪਿੰਡੋ ਪਿੰਡ ਪੈਂਦੀਆਂ ਸਨ। ਉਨ੍ਹਾਂ ਦੀਆਂ ਪੁੱਠੀਆਂ ਸਿੱਧੀਆਂ ਛਾਲ਼ਾਂ ਦਰਸ਼ਕਾਂ ਨੂੰਹੈਰਾਨ ਕਰਦੀਆਂ ਉਨ੍ਹਾਂ ਦੇ ਸੁਹਜ ਸੁਆਦ ਵਿੱਚ ਵਾਧਾ ਕਰਦੀਆਂ ਸਨ।ਲੋਕ ਬਾਜੀਗਰਾਂ ਨੂੰ ਅਨਾਜ, ਕੱਪੜੇ ਲੱਤੇ ਤੇ ਕੜੇ ਕੈਂਠੇਭੇਟ ਕਰਦੇ ਸਨ। ਪੰਜਾਬ ਦੇ ਰਾਜੇ ਮਹਾਰਾਜੇ ਪਹਿਲਵਾਨਾਂ, ਮੱਲਾਂ, ਬਾਜੀਗਰਾਂ,ਗਾਇਕਾਂ ਤੇ ਕਲਾਕਾਰਾਂ ਨੂੰਆਸਰਾ ਦਿੰਦੇ ਤੇਹਰ ਤਰ੍ਹਾਂ ਦੀ ਸਹਾਇਤਾ ਕਰਦੇ ਸਨ।

ਪੰਜਾਬ ਦੇ ਗੱਭਰੂਆਂ ਵਿੱਚ ਕਿਸੇ ਵੀ ਕੰਮ ਲਈ ਜਿਦ ਕੇ, ਵੰਗਾਰ ਕੇ, ਲਲਕਾਰਕੇ ਮੁਕਾਬਲੇ ਦੀ ਭਾਵਨਾਭਰੀ ਹੋਈ ਹੈ। ਆਣ-ਅਣਖ,ਮਾਣ-ਮੜਕ ਤੇ ਰੜਕ ਦੀ ਭਾਵਨਾ ਪੰਜਾਬੀਆਂ ਦੇ ਖ਼ੂੰਨ ਵਿੱਚ ਹੈ। ਖੇਤੀ ਦੇ ਕਰੜੇ ਕੰਮਾਂ ਵਿੱਚ, ਕਹੀ ਵਾਹੁਣ, ਗੱਡੇ ਭਰਨ, ਵਾਢੀ ਕਰਨ ਜਾਂ ਭਾਰ ਚੁੱਕਣ-ਢੋਣ ਦਾ ਕੰਮ ਕਰਦਿਆਂ ਜਿੱਥੇ ਚਾਰ ਗੱਭਰੂ ਜੁੜਦੇ, ਮੁਕਾਬਲਾ ਸ਼ੁਰੂ ਹੋ ਜਾਂਦਾ ਹੈ। ਕੌਣ ਤਕੜੈ, ਕੌਣ ਮੂਹਰੇ ਨਿਕਲਦੈ, ਕੌਣ ਬਾਜੀ ਜਿੱਤਦੈ?ਇਸ ਤਰ੍ਹਾਂ ਜ਼ੋਰ ਅਜਮਾਈ ਕਰਨਾ ਚੋਬਰਾਂ ਦਾ ਸ਼ੌਕ ਹੈ। ਇਸ ਨਾਲ਼ ਹਾਸੇ ਠੱਠੇ ਵਿੱਚ ਕੰਮ ਵੀ ਜ਼ਿਆਦਾ ਨਿੱਬੜਦਾ ਤੇ ਜ਼ੋਰ ਅਜਮਾਈ ਦਾ ਝੱਸ ਵੀ ਪੂਰਾ ਹੋ ਜਾਂਦਾ ਹੈ।

ਪੁਰਾਣੇ ਜ਼ਮਾਨੇ ਵਿੱਚ ਝਗੜੇ ਦਾ ਨਿਪਟ-ਾਰਾ ਕੁਸ਼ਤੀ ਜਾਂ ਘੋਲ ਰਾਹੀਂ ਹੁੰਦਾ ਸੀ। ਜੋ ਵੀ ਕੁਸ਼ਤੀ ਜਾਂ ਘੋਲ਼ ਵਿੱਚ ਜਿੱਤ ਜਾਂਦਾ, ਉਹ ਸਹੀ ਸਮਝਿਆ ਜਾਂਦਾ ਸੀ। ਇਸ ਤੋਂ ਪਤਾ ਚਲਦਾ ਹੈ ਕਿ ਪੁਰਾਤਨ ਭਾਰਤੀ ਸਮਾਜ ਵਿੱਚ ਖੇਡਾਂ ਦੀ ਤੇ ਜਿਸਮਾਨੀ ਜ਼ੋਰ ਦੀ ਕਿੰਨੀ ਮਹਾਨਤਾ ਸੀ। ਇਸ ਦੀਆਂ ਕੁਝ ਇਤਹਾਸਕ-ਮਿਥਹਾਸਕ ਮਿਸਾਲਾਂ ਮੌਜੂਦ ਹਨ:ਦੁਆਪਰ ਵਿੱਚ ਜਰਾਸੰਧ ਤੇ ਭੀਮ ਦੀ ਦੁਸ਼ਮਣੀ ਦਾ ਨਬੇੜਾਕੁਸ਼ਤੀ ਰਾਹੀਂ ਹੋਇਆ ਸੀ। ਦੋਵੇਂ ਜੋਧੇ ਲੜਾਕੇ ਸੂਰਬੀਰ ਸਨ। ਕੰਸ ਦਾ ਸਹੁਰਾ ਜਰਾਸੰਧ ਸ਼ਕਤੀਸ਼ਾਲੀ ਰਾਜਾ ਸੀ। ਕ੍ਰਿਸ਼ਨ ਨੇ ਆਪਣੇ ਜ਼ਾਲਮ ਮਾਮੇ ਕੰਸ ਨੂੰ ਮਾਰ ਦਿੱਤਾ ਸੀ। ਉਸ ਦਾ ਬਦਲਾ ਲੈਣ ਲਈ ਜਰਾਸੰਧ ਨੇ ਕ੍ਰਿਸ਼ਨ 'ਤੇ ਅਠਾਰਾਂ ਹਮਲੇ ਕੀਤੇ ਜਿਸ ਕਾਰਨ ਕ੍ਰਿਸ਼ਨ ਨੂੰ ਦੁਆਰਕਾ ਜਾਣਾ ਪਿਆ।ਇੱਕ ਵਾਰਯੁਧਿਸਟਰ ਨੇ ਯੱਗ ਕੀਤਾ। ਉਸ ਵਿੱਚ ਕ੍ਰਿਸ਼ਨ, ਭੀਮ ਤੇ ਅਰਜਨ ਆਦਿ ਵੀ ਹਾਜ਼ਰ ਹੋਏ। ਜਰਾਸੰਧ ਪਹਿਲਾਂ ਹੀ ਹਾਜ਼ਰ ਸੀ। ਭੀਮ ਤੇ ਜਰਾਸੰਧ ਨੇ ਇੱਕ ਦੂਜੇ ਦੇਖਿਆ। ਦੋਹਾਂ ਦੀਆਂ ਅੱਖਾਂ ਵਿੱਚ ਪੁਰਾਣੀ ਦੁਸ਼ਮਣੀ ਦਾ ਲਹੂ ਉੱਤਰ ਆਇਆ। ਦੋਹਾਂ ਦੀ ਟੱਕਰ ਹੋ ਗਈ। ਦੋਨੋਂਭਿੜ ਪਏ। ਦੋਨੋਂ ਬਾਹੂਬਲੀ ਜੋਧੇ। ਲੰਮਾ ਸਮਾਂਕੁਸ਼ਤੀ ਹੁੰਦੀ ਰਹੀ। ਹਾਰ ਜਿੱਤ ਦਾ ਫੈਸਲਾ ਨਹੀਂ ਸੀ ਹੋ ਰਿਹਾ। ਅੰਤ ਕ੍ਰਿਸ਼ਨ ਦੀ ਕੂਟਲਨੀਤੀ ਨੇ ਕੁਸ਼ਤੀ ਦਾ ਪਾਸਾ ਪਲਟ ਦਿੱਤਾ। ਕ੍ਰਿਸ਼ਨ ਨੇ ਭੀਮ ਨੂੰ ਇਸ਼ਾਰੇ ਨਾਲ਼ ਇੱਕ ਵਿਸ਼ੇਸ਼ ਦਾਅ ਮਾਰਨ ਦੀ ਜੁਗਤ ਦੱਸੀ। ਭੀਮ ਨੇ ਉਹ ਜੁਗਤ ਵਰਤੀ ਤੇ ਜਰਾਸੰਧ ਦੇ ਟੋਟੇ ਕਰ ਦਿੱਤੇ। ਇਸ ਤਰ੍ਹਾਂ ਜਰਾਸੰਧ ਮਾਰਿਆ ਗਿਆ। ਇਸ ਦਾ ਸਿੱਧਾ ਸਬੰਧ ਕੁਸ਼ਤੀ ਨਾਲ਼ ਹੈ। ਗੁਰਬਾਣੀ ਵਿੱਚ ਅੰਕਿਤ ਹੈ:

ਜਰਾਸੰਧਿ ਕਾਲਜਮੁਨ ਸੰਘਾਰੇ। ਰਕਤ ਬੀਜੁ ਕਾਲਨੇਮ ਬਿਦਾਰੇ।
ਦੈਤ ਸੰਘਾਰਿ ਸੰਤ ਨਿਸਤਾਰੇ।

ਸਿੱਖ ਗੁਰੂਆਂ ਨੇ ਹਰ ਪ੍ਰਾਣੀ ਲਈ ਤਨ ਮਨ ਦੀ ਸ਼ੁੱਧਤਾ, ਸੁੰਦਰਤਾਤੇ ਅਰੋਗਤਾ ਲਈ ਸੰਦੇਸ਼-ਉਪਦੇਸ਼ ਦਿੱਤੇ ਹਨ। ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਸੰਸਾਰ ਦੇ ਭਲੇ ਲਈ ਤੀਰਥ ਅਸਥਾਨਾਂ'ਤੇ ਗਏ।ਪੈਦਲ ਯਾਤਰਾ ਕੀਤੀ। ਸਿੱਧਾਂ ਨਾਲ ਗੋਸਟੀਆਂ ਰਚਾਈਆਂ।ਸਹਿਜ, ਸੰਤੋਖਰੱਖਣ ਤੇ ਕਿਰਤ ਕਰਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਦੀਆਂ ਯਾਤਰਾਵਾਂ ਦਾ ਪੈਦਲ ਪੈਂਡਾ 40 ਹਜ਼ਾਰ ਮੀਲ ਬਣਦਾ ਹੈ। ਪੈਦਲ ਯਾਤਰਾ ਦਾ ਇਹ ਅਨੋਖਾ ਰੀਕਾਰਡਹੈ।ਏਨੀਆਂਲੰਮੀਆਂ ਯਾਤਰਾਵਾਂ ਕਸਰਤਾਂ ਦੁਆਰਾ ਸੋਧੇ ਸਰੀਰ ਦੀ ਕਾਰਗੁਜ਼ਾਰੀਬਿਆਨ ਕਰਦੀਆਂ ਹਨ।

ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ ਨੇ ਜਿੱਥੇ ਪੰਜਾਬੀ ਦੇ ਬਾਲ-ਬੋਧ ਤਿਆਰ ਕੀਤੇ ਤੇ ਨਵੀਂ ਪਨੀਰੀ ਨੂੰ ਪੰਜਾਬੀ/ਗੁਰਮੁਖੀ ਪੜ੍ਹਨ ਦੀ ਚੇਟਕ ਲਾਈ; ਉੱਥੇ ਉਨ੍ਹਾਂ ਨੇ ਸਰੀਰਕ ਕਸਰਤਾਂ ਅਤੇ ਖੇਡਾਂ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ। ਤਕੜੇ ਪਹਿਲਵਾਨ ਤਿਆਰ ਕੀਤੇ ਤੇ ਆਪਣੀ ਨਿਗਰਾਨੀ ਵਿਚ ਕੁਸ਼ਤੀਆਂ ਕਰਵਾਉਂਦੇ ਰਹੇ। ਖਡੂਰ ਸਾਹਿਬ ਵਿਖੇ ਉਨ੍ਹਾਂ ਦੀਯਾਦ ਵਿੱਚ ਗੁਰਦੁਆਰਾ 'ਮੱਲ ਅਖਾੜਾ' ਸੁਸ਼ੋਭਤ ਹੈ। ਗੁਰੂ ਸਾਹਿਬਾਨ ਗੱਦੀ 'ਤੇ ਬੈਠ ਕੇ ਨਿਰਾ ਉਪਦੇਸ਼ ਹੀ ਨਹੀਂ ਸਨ ਕਰਦੇ;ਉਹਤਨ ਤੇ ਮਨ ਦੀ ਸਿਹਤ ਤੇ ਸੁੰਦਰਤਾ ਲਈ ਖ਼ੁਦ ਕਿਰਤ ਤੇ ਕਸਰਤ ਕਰਨ 'ਤੇ ਵੀ ਜ਼ੋਰ ਦਿੰਦੇ ਸਨ।

ਸਿੱਖ ਇਤਿਹਾਸ ਵਿੱਚ ਜ਼ਿਕਰ ਹੈ ਕਿ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀ ਸੇਵਾ ਸੰਭਾਲ ਲਈ ਮਾਤਾ ਸੁੰਦਰੀ ਜੀ ਨੇ 1721 ਵਿੱਚ ਭਾਈ ਮਨੀ ਸਿੰਘ ਨੂੰ ਸ੍ਰੀ ਅੰਮ੍ਰਿਤਸਰ ਭੇਜਿਆ। ਉਦੋਂ ਹਰਿਮੰਦਰ ਸਾਹਿਬ 'ਤੇ 'ਬੰਦਈ ਖਾਲਸਾ' ਦੇ ਆਗੂ ਭਾਈ ਮਹੰਤ ਸਿੰਘ ਖੇਮਕਰਨ ਦਾ ਕਬਜ਼ਾ ਸੀ। ਬੰਦਈ ਖਾਲਸਾ ਵੱਲੋਂਸਿੱਖ ਮਰਿਯਾਦਾ ਵਿਰੋਧੀ ਕੁਰੀਤੀਆਂ ਹੋ ਰਹੀਆਂ ਸਨ। ਉਹ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤੇਹਿ' ਦੀ ਥਾਂ 'ਫਤੇਹ ਦਰਸ਼ਨ' ਬੁਲਾਉਂਦੇ ਸਨ। ਉਨ੍ਹਾਂ ਦੀ ਅੰਦਰਖਾਤੇ ਮੁਗ਼ਲ ਹਕੂਮਤ ਨਾਲ਼ ਮੀਚਾ ਮਿਲਦੀ ਸੀ। ਮੁਗ਼ਲ ਹਕੂਮਤ ਦੀ ਖਾਲਸੇ ਨਾਲ਼ ਸਿੱਧੀ ਟੱਕਰ ਸੀ। ਇਸ ਹਾਲਤ ਵਿੱਚ ਤੱਤ ਖਾਲਸਾ ਤੇ ਬੰਦਈ ਖਾਲਸਾ ਦੀ ਟੱਕਰ ਵਿੱਚੋਂਭਿਆਨਕ ਸਿੱਟੇ ਨਿਕਲ ਸਕਦੇ ਸਨਜਿਸ ਨਾਲ ਸਿੱਖਾਂ ਦਾ ਘਾਣ ਹੋ ਸਕਦਾ ਸੀ। ਭਾਈ ਮਨੀ ਸਿੰਘ ਨੇ ਸਲਾਹ ਦਿੱਤੀ ਕਿ ਵਿਸਾਖੀ 'ਤੇ ਖਾਲਸੇ ਦੀ ਇਕ-ੱਤਰਤਾ ਸੱਦੀ ਜਾਵੇ, ਜਿਸ ਵਿੱਚ ਸਰਬ ਸਾਂਝਾ ਫੈਸਲਾ ਕੀਤਾ ਜਾਵੇ ਕਿ ਹਰਿਮੰਦਰ ਸਾਹਿਬ ਦਾ ਪ੍ਰਬੰਧਕੀਹਨੂੰ ਸੌਂਪਿਆ ਜਾਵੇ?ਫੈਸਲਾ ਹੋਇਆ ਕਿ ਸਰੋਵਰ ਦੀ ਹਰਿ ਕੀ ਪਉੜੀ ਵਿੱਚ ਪਰਚੀਆਂ ਪਾਈਆਂ ਜਾਣ। ਜਿਸ ਦੀ ਪਰਚੀ ਪਹਿਲਾਂਉੱਪਰ ਆ ਜਾਏ, ਉਸ ਦੀ ਜਿੱਤ ਮੰਨੀ ਜਾਵੇ।

ਫੈਸਲੇ ਅਨੁਸਾਰ ਵਿਸਾਖੀ ਦੇ ਤਿਉਹਾਰ 'ਤੇ ਖਾਲਸੇ ਦਾ ਇਕੱਠ ਹੋਇਆ। ਸਭ ਦੇ ਸਾਹਮਣੇ ਦੋ ਪਰਚੀਆਂ ਬਣਾਈਆਂ ਗਈਆਂ। ਇੱਕ 'ਤੇ ਬੰਦਈ ਖਾਲਸੇ ਦਾ ਜੰਗੀ ਨਾਹਰਾ 'ਫਤੇਹਿ ਦਰਸ਼ਨ' ਅਤੇ ਦੂਜੀ ਉੱਤੇ 'ਵਾਹਿਗੁਰੂ ਜੀ ਕੀ ਫਤੇਹ' ਲਿਖ ਕੇ ਇੱਕ ਬਾਲਕ ਰਾਹੀਂ ਹਰਿ ਕੀ ਪੌੜੀ ਵਿੱਚ ਸੁੱਟ ਦਿੱਤੀਆਂ ਗਈਆਂ। ਥੋੜ੍ਹੀ ਉਡੀਕ ਪਿੱਛੋਂ 'ਵਾਹਿਗੁਰੂ ਜੀ ਕੀ ਫਤੇਹ' ਵਾਲੀ ਪਰਚੀ ਉੱਪਰ ਆ ਗਈ। ਇਸ ਅਨੁਸਾਰ ਤੱਤ ਖਾਲਸਾ ਦੀ ਜਿੱਤ ਮੰਨੀ ਜਾਣੀ ਸੀ।ਪਰ ਬੰਦਈ ਖਾਲਸਾ ਵਾਲੇ ਇਸ ਫੈਸਲੇ ਤੋਂ ਮੁੱਕਰ ਗਏ।

ਅੰਤ ਦੋਹਾਂ ਧਿਰਾਂ ਦੀ ਸਹਿਮਤੀ ਨਾਲ ਫੈਸਲਾ ਹੋਇਆ ਕਿ ਤੱਤ ਖਾਲਸਾ ਵੱਲੋਂ ਬਾਬਾ ਕਾਹਨ ਸਿੰਘ ਦੇ ਪੁੱਤਰ ਮੀਰੀ ਸਿੰਘ ਤੇ ਬੰਦਈ ਖਾਲਸਾ ਵੱਲੋਂ ਲਾਹੌਰਾ ਸਿੰਘ ਦੇ ਪੁੱਤਰ ਸੰਗਤ ਸਿੰਘ ਦੀ ਅਕਾਲ ਤਖ਼ਤ ਸਾਹਮਣੇ ਕੁਸ਼ਤੀ ਕਰਵਾਈ ਜਾਏ। ਜੋ ਜਿੱਤ ਜਾਏ, ਉਹੋ ਧਿਰ ਹਰਿਮੰਦਰ ਸਾਹਿਬ ਦੀ ਪ੍ਰਬੰਧਕ ਬਣੇ। ਕੁਸ਼ਤੀ ਵਿੱਚ ਮੀਰੀ ਸਿੰਘ ਨੇ ਸੰਗਤ ਸਿੰਘ ਨੂੰ ਹਰਾ ਦਿੱਤਾ।ਇਸ ਤਰ੍ਹਾਂ ਕੁਸ਼ਤੀ ਦੁਆਰਾ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਭਾਈ ਮਨੀ ਸਿੰਘ ਦੇ ਤੱਤ ਖਾਲਸਾ ਨੂੰ ਸੌਂਪਿਆ ਗਿਆ।ਇਸਤੋਂਸਿੱਖਾਂ ਵਿਚ ਖੇਡਾਂ ਤੇ ਕੁਸ਼ਤੀਆਂ ਦੀ ਮਹਾਨਤਾ ਦਾ ਪਤਾ ਲਗਦਾ ਹੈ।

ਗੁਰੂ ਹਰਿਗੋਬਿੰਦ ਸਾਹਿਬ ਨੇ 1606 ਵਿੱਚ ਅਕਾਲ ਬੁੰਗੇ ਦੀ ਸਥਾਪਨਾ ਸਮੇਤਤਖ਼ਤਨੁਮਾ ਥੜ੍ਹੇ ਦੀ ਉਸਾਰੀ ਕਰਵਾਈ। ਉਸ ਸਮੇਂਇਮਾਰਤ ਉਸਾਰੀ ਦੀਵਿਧੀ ਅਨੁਸਾਰਚੂਨੇ ਨਾਲ ਨਿੱਕੀ ਇੱਟ ਦਾਬੜਾ ਮਜ਼ਬੂਤ ਥੜ੍ਹਾ ਤਿਆਰ ਕੀਤਾ। ਥੜ੍ਹੇ ਦੀ ਲੰਬਾਈ 14 ਫੁੱਟ, ਚੁੜਾਈ 8 ਫੁੱਟ ਤੇਉਚਾਈ 7 ਫੁੱਟਹੈ। ਇਸ ਥੜ੍ਹੇਤੋਂਗੁਰੂ ਜੀ ਕੌਮ ਨੂੰ ਸੰਦੇਸ਼-ਉਪਦੇਸ਼ ਦਿੰਦੇ।ਨੱਥੇ ਅਬਦੁੱਲੇ ਦੁਆਰਾ ਢਾਡੀ ਵਾਰਾਂ ਗੰਵਾ ਕੇ ਸੁਰੋਤਿਆਂ ਵਿੱਚ ਜੰਗੀ ਜੋਸ਼ ਭਰਦੇ ਤੇਆਪਣੀ ਨਿਗਰਾਨੀ ਵਿੱਚਪਹਿਲਵਾਨਾਂ ਦੇ ਜ਼ੋਰਤੇ ਕੁਸ਼ਤੀਆਂ ਕਰਾਉਂਦੇ। ਜੂਨ 1984 'ਚ ਬਲਿਊ ਸਟਾਰ ਉਪਰੇਸ਼ਨ ਨਾਲ ਅਕਾਲ ਬੁੰਗਾ ਢਹਿ ਢੇਰੀ ਹੋ ਗਿਆ। ਪਿੱਛੋਂ ਉਸ ਥਾਂ 'ਤੇ ਨਵੀ ਇਮਾਰਤ ਦੀ ਉਸਾਰੀ ਕੀਤੀ ਗਈ ਪਰ ਛੇਵੇਂ ਗੁਰੂ ਜੀ ਦਾ ਤਿਆਰ ਕੀਤਾ ਉਹ ਥੜ੍ਹਾ ਉਸੇ ਤਰ੍ਹਾਂ ਕਾਇਮਹੈ।

ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਨੇ ਆਪਣੇ ਸਮੇ ਵਿੱਚ ਸਿੱਖ ਕੌਮਨੂੰ ਸ਼ਕਤੀਸ਼ਾਲੀ, ਬਲਵਾਨ, ਨਿੱਡਰ ਤੇ ਜੁਝਾਰੂ ਯੋਧੇ ਬਣਾਉਣ, ਜੰਗੀ ਸਪਿਰਟ ਭਰਨ, ਸ਼ਿਕਾਰ ਖੇਡਣਅਤੇ ਸ਼ਸਤਰ ਰੱਖਣ ਲਈ ਹਰ ਤਰ੍ਹਾਂ ਦੀਆਂ ਜਿਸਮਾਨੀ ਖੇਡਾਂ ਖੇਡਣ ਵੱਲ ਤੋਰਿਆ।ਕੇਸਗੜ੍ਹ ਸਿੱਖੀ ਸਪਿਰਟ ਦਾ, ਜੰਗੀ ਕਰਤਬਾਂ ਤੇ ਖੇਡਾਂ ਦਾ ਕੇਂਦਰ ਬਣ ਗਿਆ। ਹੋਲੀ ਤੋਂ ਹੋਲਾ ਮਹੱਲਾ ਦੀ ਕਾਢ ਵੀ ਬਹੁਭਾਂਤੀ ਖੇਡਾਂ ਤੇ ਜੰਗੀ ਕਰਤਬਾਂ ਦਾ ਪ੍ਰਤੀਕ ਹੈ। ਰੰਗਾਂ ਨਾਲ਼ ਜਿਸਮ ਰੰਗਣ ਦੀ ਥਾਂ ਹਜ਼ੂਰ ਨੇ ਜੰਗੀ ਕਰਤਬਾਂ ਦੀਆਂ ਖੇਡਾਂ ਵੱਲ ਖ਼ਾਲਸੇ ਦੀਆਂ ਰੁਚੀਆਂ ਮੋੜੀਆਂ। ਹਰ ਖੇਡ ਵਿੱਚ ਦੋ ਧਿਰਾਂ ਦੀ ਲੜਾਈ ਵਰਗੇ ਮੁਕਾਬਲੇ ਹੋਣ ਲੱਗੇ। ਵੱਖ ਵੱਖ ਟੋਲੀਆਂ ਤੇ ਜੱਥਿਆਂ ਵੱਲੋਂ ਨਿਸ਼ਚਤ ਕੀਤੇ ਕਿਸੇ ਸਥਾਨ ਜਾਂ ਕਿਸੇ ਵਸਤੂ 'ਤੇ ਕਬਜ਼ਾ ਕਰਨ ਲਈ ਭੇੜ ਹੋਣ ਲੱਗੇ।ਰਣਸਿੰਗਿਆਂ, ਨਗਾਰਿਆਂ ਤੇ ਜੈਕਾਰਿਆਂ ਦੀਆਂ ਗੂੰਜਾਂ ਪੈਣ ਲੱਗੀਆਂ। ਸਿੱਖ ਇਤਿਹਾਸ ਵਿੱਚੋਂਇੱਥੋਂ ਤੱਕ ਵੀ ਪਤਾ ਚਲਦਾ ਹੈ ਕਿ ਗੁਰੂ ਸਾਹਿਬ ਪਵਿੱਤਰ ਕੜਾਹ ਪ੍ਰਸ਼ਾਦ ਦੀ ਦੇਗਵਰਤਾਉਣ ਵੇਲੇਦੋ ਟੋਲੀਆਂ ਵਿੱਚ ਮੁਕਾਬਲਾ ਕਰਾ ਦਿੰਦੇ ਤੇ ਖੁੱਲ੍ਹ ਦਿੰਦੇ ਕਿ ਲੰਗਰ ਦੀ ਇਸ ਦੇਗ ਨੂੰ ਜੋ ਧੜਾ ਜੋਰ ਨਾਲ ਲੁੱਟਕੇ ਲੈ ਜਾਵੇਗਾ, ਸਾਰੀ ਦੇਗ ਉਸੇ ਦੀ ਹੋਵੇਗੀ। ਬੱਸ ਮੁਕਾਬਲਾ ਸ਼ੁਰੂ ਹੋ ਜਾਂਦਾ। ਸਿੰਘ ਟੁੱਟ ਕੇ ਪੈ ਜਾਂਦੇ। ਹਾਸੇ ਤਮਾਸ਼ੇ ਵਿੱਚ ਸਿੰਘ ਦੇਗਾਂਦੇ ਭਰੇ ਕੜਾਹੇ ਛਕ ਜਾਂਦੇ!

ਗੁਰਬਾਣੀ ਵਿੱਚ ਜਿੱਥੇ ਜੀਵਨ ਜੁਗਤ ਨਾਲ਼, ਆਤਮਾ ਤੇ ਪਰਮਾਤਮਾ ਨਾਲ਼ ਖੇਡਾਂ ਦਾ ਜ਼ਿਕਰ ਹੈ; ਉੱਥੇ ਵਿਸ਼ੇ ਵਿਕਾਰਾਂ ਵਿਰੁੱਧ ਲੜਨ, ਘੁਲਣ ਤੇ ਜਿੱਤਣ ਹਾਰਨ ਦੀ ਪ੍ਰਕਿਰਿਆ ਦਾ ਜ਼ਿਕਰ ਵੀ ਆਇਆ ਹੈ। ਜਿਵੇਂ:

ਐਸੀ ਕਲਾ ਨ ਖੇਡੀਐ ਜਿਤ ਦਰਗਹਿ ਗਇਆ ਹਾਰੀਐ।
ਆਪੇ ਛਿੰਜ ਪਵਾਇ ਮਲਾਖਾੜਾ ਰਚਿਆ।
ਲਥੇ ਭੜਥੂ ਪਾਇ ਗੁਰਮੁਖਿ ਮਚਿਆ।

ਪੰਜਵੇਂ ਗੁਰੂਦੇਵ ਨੇ ਆਪਣੇ ਮਾਲਕ ਦਾ ਪਹਿਲਵਾਨ ਹੋਣ ਦਾ ਜ਼ਿਕਰ ਕਰਦਿਆਂ ਆਖਿਆ:

ਹਉ ਗੁਸਾਈ ਦਾ ਪਹਿਲਵਾਨੜਾ। ਮੈ ਗੁਰ ਮਿਲਿ ਉਚ ਦੁਮਾਲੜਾ।
ਸਭ ਹੋਈ ਛਿੰਜ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ।
ਵਾਤ ਵਜਨਿ ਟੰਮਕ ਭਰੀਆ। ਮਲ ਲਥੇ ਲੈਂਦੇ ਭੇਰੀਆ।
ਨਿਹਤੇ ਪੰਜ ਜੁਆਨ ਮੈ ਗੁਰ ਥਾਪੀ ਦਿਤੀ ਕੰਡ ਜੀਉ।

ਜਗਤ ਦੇ ਪਸਾਰੇ ਬਾਰੇ ਆਖਿਆ:

ਬਾਜੀਗਰਿ ਜੈਸੇ ਬਾਜੀ ਪਾਈ। ਨਾਨਾ ਰੂਪ ਭੇਸ ਦਿਖਲਾਈ।
ਸਾਂਗੁ ਉਤਾਰ ਥੰਮਿਓ ਪਾਸਾਰਾ। ਤਬ ਏਕੋ ਏਕੰਕਾਰਾ।

ਮਨੁੱਖੀ ਸਰੀਰ ਦੀਆਂ ਕਿਰਿਆਵਾਂ ਬਾਰੇ:

ਇੰਦ੍ਰੀ ਧਾਤੁ ਸਬਲ ਕਹੀਅਤ ਹੈ ਇੰਦ੍ਰੀ ਕਿਸ ਤੇ ਹੋਈ।
ਆਪੇ ਖੇਲ ਕਰੇ ਸਭ ਕਰਤਾ ਐਸਾ ਬੂਝੈ ਕੋਈ।

ਗੁਰੂ ਦੀ ਬਾਣੀ ਦੇ ਬਾਣਾਂ ਦੁਆਰਾ ਘਾਇਲ ਹੋਣ ਤੇ ਡਿੱਗ ਪੈਣ ਬਾਰੇ ਕਬੀਰ ਸਾਹਿਬ ਦਾ ਫੁਰਮਾਨ ਹੈ:

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕ।
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਲੇਜੇ ਛੇਕੁ।

ਗੁਰੂ ਗੋਬਿੰਦ ਸਿੰਘ ਦਾ 'ਬਚਿੱਤਰ ਨਾਟਕ' ਵਿੱਚ ਫੁਰਮਾਨ ਹੈ:

ਮੈ ਹੋ ਪਰਮ ਪੁਰਖ ਕੋ ਦਾਸਾ। ਦੇਖਨ ਆਇਓ ਜਗਤ ਤਮਾਸਾ।

ਇਸ ਦੇ ਨਾਲ ਹੀ ਦਸਮੇਸ਼ ਪਿਤਾ ਨੇ 'ਜਾਪ ਸਾਹਿਬ' ਬਾਣੀ ਵਿੱਚ ਪਰਮੇਸ਼ਰ ਦੁਆਰਾ ਜ਼ਿੰਦਗੀ ਦੇ ਅਨੇਕ ਰੰਗ ਰੂਪ ਬਦਲ ਕੇ,ਖੇਲ ਖੇਲ ਵਿੱਚ ਮੁੜ ਉਸੇ ਵਿੱਚ ਅਭੇਦ ਹੋਣ ਦਾ ਜ਼ਿਕਰ ਕੀਤਾ ਹੈ:

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।

ਇਸ ਤਰ੍ਹਾਂ ਜ਼ਿੰਦਗੀ ਦੇ ਸੰਗਰਾਮ ਵਿੱਚ, ਇਤਿਹਾਸ ਤੇ ਮਿਥਹਾਸ ਵਿੱਚ, ਗੁਰੂ ਨਾਨਕ ਦੇ ਅਮਰ ਤੇ ਅਦੁੱਤੀ ਸਿਧਾਂਤ ਅਨੁਸਾਰ 'ਨਚਣੁ ਕੁਦਣੁ ਮਨ ਕਾ ਚਾਉ' ਦੀ ਜੀਵਨ ਜੋਤ ਜਗਦੀ ਦਿਖਾਈ ਦੇ ਰਹੀ ਹੈ।

ਪੂਰਨ ਸਿੰਘ ਪਾਂਧੀ ਨੂੰ ਕਿਸੇ ਨੇ ਸੰਗੀਤਕ ਸੁਰਾਂ ਦੀ ਹੂਕ ਤੇ ਕਿਸੇ ਨੇ ਸਹਿਜ ਤੇ ਸੁਹਜ ਦੇ ਰਾਹਾਂ ਦਾ ਪਾਂਧੀ ਕਿਹਾ ਹੈ। ਕੋਈ ਉਸ ਨੂੰ ਰਾਮੂਵਾਲੇ ਦਾ ਲਾਲ, ਕੋਈ ਕਵੀਸ਼ਰ ਕਰਨੈਲ ਸਿੰਘ ਪਾਰਸ ਦਾ ਦੂਤ, ਕੋਈ ਮਰਦਾਨੇ ਰਬਾਬੀ ਦਾ ਸਕਾ ਸੋਧਰਾ ਅਤੇ ਕੋਈ ਸੁੱਚੇ ਵਿਚਾਰਾਂ ਦਾ ਵਣਜਾਰਾ ਕਹਿੰਦਾ ਹੈ। ਕੋਈ ਪੱਕੇ ਰਾਗਾਂ ਦਾ ਮਾਹਿਰ ਤੇ ਕੋਈ ਸੱਜਣ ਮੀਤ ਮੁਰਾਰੇ ਜੀਓ ਆਖਦਾ ਹੈ। ਕੋਈ ਸ਼ਬਨਮ ਦਾ ਮੋਤੀ, ਚਾਨਣ ਦਾ ਬੂਟਾ, ਮਹਿਕਾਂ ਵੰਡਦਾ ਮਾਲੀ, ਮਾਂ ਬੋਲੀ ਦਾ ਮੁਰਸ਼ਦ, ਬਹੁਪੱਖੀ ਵਿਦਵਾਨ, ਵਿਸਮਾਦੀ ਜਿਊੜਾ ਤੇ ਪਹੁੰਚਿਆ ਹੋਈ ਪਾਂਧੀ ਕਹਿੰਦਾ ਹੈ। ਉਹ ਸੰਗੀਤ ਦਾ ਬਾਬਾ ਬੋਹੜ, ਚੰਦਨ ਦਾ ਰੁੱਖ, ਮਿਲਾਪੜਾ ਸੱਜਣ, ਵਿਸਮਾਦੀ ਵਕਤਾ, ਸੰਗੀਤ ਸਾਗਰ ਦਾ ਤੈਰਾਕ ਤੇ ਰੰਗਰੱਤੜਾ ਜਿਊੜਾ ਹੈ।



## ਸਾਗਰ ਸਰਹੱਦੀ ਨੂੰ ਚੇਤੇ ਕਰਦਿਆਂ......

# ਦੂਸਰੇ ਦੀ ਪਾਟੀ ਬਿਆਈ ਦਾ ਦਰਦ ਵੀ ਮਹਿਸੂਸ ਕਰਨ ਵਾਲਾ-ਸਾਗਰ ਸਰਹੱਦੀ

-ਸੰਜੀਵਨ ਸਿੰਘ -

ਕਲਮਕਾਰ/ਕਲਾਕਾਰ/ਫ਼ਨਕਾਰ ਹੋਣ ਦੀ ਮੁੱਢਲੀ ਸ਼ਰਤ ਹੈ, ਉਹ ਸੰਵੇਦਨਸ਼ੀਲ ਹੋਵੇ, ਜਿਹੜਾ ਆਪਣੀ ਤਾਂ ਕੀ ਦੂਸਰੇ ਦੀ ਪਾਟੀ ਬਿਆਈ ਦਾ ਦਰਦ ਵੀ ਮਹਿਸੂਸ ਕਰਦਾ ਹੋਵੇ।ਆਪਣੀ ਤਾਂ ਕੀ ਸਾਰੀ ਮਨੁੱਖਤਾ ਦੀ ਪੀੜਾ ਨੂੰ ਆਪਣੀ ਪੀੜਾ ਸਮਝਦਾ ਹੋਵੇ।ਸਾਗਰ ਸਰਹੱਦੀ ਨੇ ਫਨਕਾਰ ਹੋਣ ਦੀ ਮੁੱਢਲੀ ਸ਼ਰਤ ਪੂਰੀ ਕਰਦੇ ਹੋਰ ਦੀ ਪਾਟੀ ਬਿਆਈ ਦਾ ਦਰਦ ਵੀ ਮਹਿਸੂਸ ਕੀਤਾ, ਮਨੁੱਖੀ ਪੀੜਾ ਨੂੰ ਖੁੱਦ ਦੀ ਪੀੜਾ ਸਮਝੀ ਵੀ ਤੇ ਆਪਣੀ ਲੇਖਣੀ ਜ਼ਰੀਏ ਲੋਕਾਈ ਦੇ ਦੁੱਖਾਂ-ਤਕਲੀਫਾ ਨੂੰ ਹਰਨ ਦਾ ਯਤਨ ਵੀ ਕੀਤਾ।

ਅਜ਼ਾਦੀ ਤੋਂ ਚੌਦਾਂ ਸਾਲ ਪਹਿਲਾਂ 1933 ਵਿਚ ਜੇਠ ਦੇ ਤਪਦੇ ਮਹੀਨੇ ਸਾਗਰ ਸਰੱਹਦੀ ਵਰਗੇ ਕੁੰਦਨ ਦਾ ਜਨਮ ਐਬਟਾਬਾਦ ਸ਼ਹਿਰ ਨੇੜੇ ਬੱਫਾ, ਵਿਖੇ ਪਿਤਾ ਥਾਨ ਸਿੰਘ ਤਲਵਾੜ ਤੇ ਮਾਤਾ ਪ੍ਰੇਮ ਦਾਈ ਦੇ ਘਰ ਹੋਇਆ।ਮਾਂ-ਪਿਓ ਨੇ ਉਨਾਂ ਦਾ ਨਾਂ ਗੰਗਾ ਸਾਗਰ ਰੱਖਿਆ ਪਰ ਸਰੱਹਦੀ ਸੂਬੇ ਨਾਲ ਸੰਬੰਧਤ ਹੋਣ ਕਰਕੇ ਗੰਗਾ ਸਾਗਰ ਨੇ ਆਪਣਾ ਨਾਂ ਸਾਗਰ ਸਰਹੱਦੀ ਰੱਖ ਲਿਆ।

ਦੇਸ਼ ਦੀ ਅਜ਼ਾਦੀ ਨੇ ਜਿੱਥੇ ਦੇਸ਼ ਵਾਸੀਆਂ ਅੰਦਰ ਜੋਸ਼, ਉਤਸ਼ਾਹ ਤੇ ਉਮੰਗ ਦਾ ਸੰਚਾਰ ਕੀਤਾ, ਉਥੇ ਹੀ ਭਾਰਤ ਦੇ ਜਿਸਮ ਉਪਰ ਲੀਕ ਵੀ ਵਾਹ ਦਿੱਤੀ।ਇਸ ਲੀਕ ਨੇ ਧਰਤੀ ਇਨਸਾਨੀ ਖੂਨ ਨਾਲ ਲੱਥ-ਪੱਥ ਕਰ ਦਿੱਤੀ।ਭਾਈ ਨੂੰ ਭਾਈ ਦੀ ਜਾਨ ਦਾ ਦੁਸ਼ਮਣ ਬਣਾ ਦਿੱਤਾ।ਇਕ ਦੀ ਧੀਅ ਸਾਰੇ ਪਿੰਡ ਦੀ ਧੀਅ ਦੀ ਸੋਚ ਨੂੰ ਮਧੋਲ ਕੇ ਰੱਖ ਦਿਤਾ।ਇਸ ਅਣ-ਮਨੁੱਖੀ ਵਰਤਾਰੇ ਨੇ ਸਾਗਰ ਸਰਹੱਦੀ ਦੀ ਰੂਹ ਵਲੂੰਦਰ ਕੇ ਰੱਖ ਦਿੱਤੀ। ਉਸ ਦੀ ਆਤਮਾ ਕੁਰਲਾ ਉਠੀ।ਆਪਣਾ-ਆਪਣਾ ਲੱਗਦਾ ਆਲਾ-ਦੁਆਲਾ, ਖੇਤ-ਖਲਿਆਣ ਰਾਤੋ-ਰਾਤ ਓਪਰੇ-ਓਪਰੇ, ਬੇਗ਼ਾਨੇ-ਬੇਗ਼ਾਨੇ ਜਾਪਣ ਲੱਗ ਪਏ।ਚਾਚੇ-ਤਾਏ, ਭਰਾ-ਭਰਜਾਈਆਂ, ਭਤੀਜੇ-ਭਤੀਜੀਆਂ ਪਲਾਂ ਵਿਚ ਹੀ ਹਿੰਦੂ-ਮੁਲਮਾਨ ਜਾਪਣ ਲੱਗ ਪਏ।

ਲੱਖਾਂ ਭਾਰਤੀਆਂ ਤੋਂ ਸ਼ਰਨਾਰਥੀ ਬਣੇ ਲੋਕਾਂ ਵਿਚ ਸਾਗਰ ਸਰਹੱਦੀ ਵੀ ਸ਼ੁਮਾਰ ਸੀ।ਇਨਸਾਨੀਅਤ ਵਿਰੋਧੀ ਤੱਤੀਆਂ ਹਵਾਵਾਂ ਦੇ ਥਪੇੜੇ ਸਹਿੰਦਾ ਸਰਹੱਦੀ ਨੇ ਪਹਿਲਾਂ ਦਿੱਲੀ ਤੇ ਫੇਰ ਬੰਬਈ ਟਿਕਾਣਾ ਬਣਾ ਲਿਆ। ਵੱਡੇ ਭਰਾ ਦੇ ਵੱਡੇ ਪ੍ਰੀਵਾਰ ਨਾਲ ਛੋਟੇ ਕਮਰੇ ਵਿਚ ਜਿਵੇਂ-ਕਿਵੇਂ ਸਾਗਰ ਸਰੱਹਦੀ ਜ਼ਿੰਦਗੀ ਤੋਰਨੀ ਸ਼ੁਰੂ ਕਰ ਦਿੰਦਾ ਹੈ।

ਮੁਲਕ ਦੀ ਵੰਡ ਦੌਰਾਨ ਸਰਹੱਦੀ ਦੇ ਜਿਸਮਾਨੀ ਫੱਟ ਤਾਂ ਭਾਵੇਂ ਸਮੇਂ ਨੇ ਭਰ ਦਿੱਤੇ ਪਰ ਰੂਹ ਦੇ ਜ਼ਖ਼ਮ ਸਾਰੀ ਉਮਰ ਨਾਸੂਰ ਬਣਕੇ ਰਿਸਦੇ ਰਹੇ।ਉਨਾਂ ਨੂੰ ਸਮਝ ਨਹੀ ਸੀ ਆਇਆ ਕਿ ਉਹ ਕਿਹੜੀਆਂ ਤਾਕਤਾਂ ਹਨ ਜੋ ਤੁਹਾਨੂੰ ਆਪਣੀ ਸਰਜ਼ਮੀਨ, ਆਪਣਾ ਘਰ-ਬਾਰ, ਆਪਣਾ ਪਿੰਡ ਛੱਡਣ ਲਈ ਮਜਬੂਰ ਕਰ ਦਿੰਦੀਆਂ ਹਨ।ਤੁਹਾਨੂੰ ਇਨਸਾਨ ਤੋਂ ਰਿਫਿਊਜੀ ਬਣਾ ਦਿੰਦੀਆਂ ਹਨ।ਸਾਗਰ ਸਰਹੱਦੀ ਸਾਰੀ ਉਮਰ ਉਜਾੜੇ ਦੇ ਦਰਦ ਨੂੰ ਭੁਲਾ ਨਹੀ ਸਕਿਆ।ਸਾਰੀ ਉਮਰ ਪਿੰਡ ਉਸ ਦੇ ਚੇਤਿਆਂ ਵਿਚ ਵੱਸਿਆ ਰਿਹਾ।

ਮਾਰਕਸਵਾਦੀਆਂ ਦੀ ਸੋਹਬਤ ਤੇ ਸੰਵੇਦਨਸ਼ੀਲਤਾ ਉਸ ਦਾ ਝੁਕਾਅ ਖੱਬੇ-ਪੱਖੀ ਵਿਚਾਰਧਾਰਾ ਵੱਲ ਕਰਨ ਵਿਚ ਸਹਾਈ ਹੁੰਦੀ ਹੈ।ਇਸੇ ਕਾਰਣ ਸਾਗਰ ਸਰਹੱਦੀ ਦੀ ਦਿਲਚਸਪੀ ਲੋਕ ਹਿਤੈਸ਼ੀ, ਸਾਫ-ਸੁਥਰੇ ਅਤੇ ਨਿਰੋਏ ਸਭਿਆਚਾਰ ਦੇ ਵਿਕਾਸ, ਪ੍ਰਚਾਰ ਅਤੇ ਪ੍ਰਸਾਰ ਲਈ ਯਤਨਸ਼ੀਲ ਇਪਟਾ ਵੱਲ ਹੋਈ।ਜੋ 78 ਸਾਲ ਪਹਿਲਾਂ 1943 ਵਿਚ ਹਿੰਦੀ ਫਿਲਮੀਆਂ ਦੇ ਸਿਰਮੌਰ ਹਸਤਾਖਰ ਪ੍ਰਿਥਵੀ ਰਾਜ ਕਪੂਰ, ਕੈਫੀ ਆਜ਼ਮੀ, ਬਲਰਾਜ ਸਾਹਨੀ ਦੇ ਯਤਨਾ ਸਦਕਾ ਹੋਂਦ ਵਿਚ ਆਈ।

ਇਪਟਾ ਦੇ ਕਲਾਵੇ ਵਿਚ ਨਰਗਿਸ ਦੱਤ, ਸਾਹਿਰ ਲੁਧਿਆਣਵੀ, ਮੁਲਕ ਰਾਜ ਆਨੰਦ, ਹੇਮੰਤ ਕੁਮਾਰ, ਮਨਾ ਡੇ, ਏ.ਕੇ.ਹੰਗਲ, ਉਤਪਲਦੱਤ, ਦੁਰਗਾ ਖੋਟੇ, ਸੰਜੀਵ ਕੁਮਾਰ, ਭੀਸ਼ਮ ਸਾਹਨੀ, ਸ਼ਬਾਨਾ ਆਜ਼ਮੀ ਵਰਗੇ ਅਣਗਿਤ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪ੍ਰਸਿੱਧੀ ਦੇ ਫ਼ਨਕਾਰ ਵੀ ਆਏ।

ਇਪਟਾ ਨੇ ਆਪਣੀ ਸਥਾਪਨਾਂ ਮੌਕੇ ਹੀ ਐਲਾਨ ਕਰ ਦਿਤਾ ਸੀ ਕਿ ਕਲਾ ਸਿਰਫ਼ ਕਲਾ ਨਹੀਂ ਬਲਕਿ ਲੋਕਾਂ ਲਈ ਹੈ।ਭਾਂਵੇ ਬੰਗਾਲ ਦਾ ਹਿਰਦਾ ਹਿਲਾਊ ਅਕਾਲ ਹੋਵੇ, ਅਜ਼ਾਦੀ ਦੀ ਲੜਾਈ ਜਾਂ ਹੁਣ ਤਿੰਨ ਕਾਲੇ ਕਾਨੂੰਨਾਂ ਖ਼ਿਲਾਫ ਚੱਲ ਰਿਹਾ ਕਿਸਾਨ ਅੰਦੋਲਨ ਹੋਵੇ। ਇਪਟਾ ਨੇ ਹਮੇਸ਼ਾਂ ਹੀ ਆਪਣੀ ਜ਼ੁੰਮੇਵਾਰੀ ਮੂਹਰਲੀ ਕਤਾਰ ਵਿਚ ਰਹਿਕੇ ਦਲੇਰੀ, ਇਮਾਨਦਾਰੀ ਅਤੇ ਗੰਭੀਰਤਾ ਨਾਲ ਨਿਭਾਈ।ਇਪਟਾ ਦੀਆਂ ਸਮਾਜਿਕ ਸਰੋਕਾਰਾਂ ਦੀ ਬਾਤ ਪਾਉਂਦੀਆਂ ਰੰਗਮੰਚੀ ਤੇ ਸਭਿਆਚਾਰਕ ਗਤੀਵਿਧੀਆਂ ਉਪਰ ਹਮੇਸ਼ਾ ਹੀ ਹਾਕਿਮ ਦੀ 'ਜ਼ਰੱਾ-ਨਿਵਾਜ਼ੀ' ਰਹੀ।ਚਾਹੇ ਉਹ ਹਾਕਿਮ ਵਿਦੇਸ਼ੀ ਹੋਵੇ ਚਾਹੇ ਦੇਸੀ।

ਆਮ ਤੌਰ 'ਤੇ ਇਹ ਗੱਲ ਪ੍ਰਚਲਿਤ ਹੈ ਕਿ ਸਰਵਤੀ ਤੇ ਲਕਸ਼ਮੀ ਦਾ ਕਦੇ ਮੇਲ ਨਹੀਂ ਹੁੰਦਾ ਤੇ ਹੋਣਾ ਵੀ ਨਹੀਂ ਚਾਹੀਦਾ।ਕਲਮਕਾਰ/ਕਲਾਕਾਰ/ਫ਼ਨਕਾਰ ਦੀ ਜ਼ਿੰਦਗੀ ਫ਼ਾਕਿਆ ਤੇ ਤੰਗ-ਦਸਤੀਆਂ ਵਿਚ ਹੀ ਬੀਤਣੀ ਚਾਹੀਦੀ ਹੈ।ਤਾਂਜੋ ਉਹ ਉਹ ਸਮਾਜ ਦੀ ਤੰਗੀਆਂ-ਤੁਰਸ਼ੀਆਂ, ਦੁੱਖਾਂ-ਤਕਲੀਫਾਂ ਤੇ ਦੁਸ਼ਵਾਰੀਆਂ ਦੀ ਬਾਤ ਵਧੇਰੇ ਸ਼ਿੱਦਤ ਨਾਲ ਪਾਅ ਸਕੇ।ਪਰ ਇਥੇ ਮੈਂ ਸ਼ਹੀਦ-ਏ-ਆਜ਼ਿਮ ਭਗਤ ਸਿੰਘ ਦਾ ਜ਼ਿਕਰ ਕਰਨਾ ਲਾਜ਼ਮੀ ਸਮਝਦਾ ਹਾਂ।ਭਗਤ ਸਿੰਘ ਇਕ ਖੁਸ਼ਹਾਲ ਤੇ ਸਾਧਨ ਸੰਪਨ ਪ੍ਰੀਵਾਰ ਵਿਚ ਪੈਦਾ ਹੋਏ।ਜਿਨਾਂ ਨੂੰ ਕਿਸੇ ਵੀ ਕਿਸਮ ਦੀ ਦਿੱਕਤ-ਦੁਸ਼ਵਾਰੀ ਦਾ ਸਾਹਮਣਾ ਨਹੀ ਕਰਨਾ ਪਿਆ।ਆਰਿਥਕ ਔਕੜ ਦਾ ਤਾਂ ਕਦੇ ਵੀ ਨਹੀਂ ਪਰ ਭਗਤ ਸਿੰਘ ਨੇ ਸਮਾਜ ਦੇ ਸ਼ੋਸ਼ਿਤ ਤੇ ਪੀੜਤ ਵਰਗ ਦਾ ਦਰਦ ਵੀ ਮਹਿਸੂਸ ਕੀਤਾ ਤੇ ਉਨਾਂ ਦੇ ਪੱਖ ਵੀ ਖੜੇ ਵੀ, ਲੜੇ ਵੀ।ਹੱਸਣ-ਖੇਡਣ ਦੀ ਅਲੜ ਉਮਰੇ ਆਪਣੇ ਦੇਸ਼ ਦੀ ਅਜ਼ਾਦੀ ਖਾਤਿਰ ਸ਼ਹਾਦਤ ਵੀ ਦਿੱਤੀ।



ਸਾਗਰ ਸਰਹੱਦੀ ਇਪਟਾ ਦੀਆਂ ਸਭਿਆਚਰਾਕ ਤੇ ਸਮਾਜਿਕ ਸਰਗਰਮੀਆਂ ਵਿਚ ਹਮੇਸ਼ਾਂ ਹੀ ਮੁੱਢਲੀ ਕਤਾਰ ਵਿਚ ਰਹਿ ਕੇ ਸੁਹਿਰਦਤਾ ਤੇ ਈਮਾਨਦਾਰੀ ਨਾਲ ਸਰਗਰਮ ਰਹੇ।ਉਨਾਂ ਨਾਟਕ ਲਿਖੇ ਤੇ ਨਿਰਦੇਸ਼ਿਤ ਵੀ ਕੀਤੇ। ਉਨਾਂ ਦੇ ਪ੍ਰਸਿੱਧ ਨਾਟਕ ਮੇਰੇ ਦੇਸ ਕੇ ਗਾਓਂ, ਖ਼ਿਆਲ ਕੀ ਦਸਤਕ,ਮਸੀਹਾ, ਮੈ ਆਸ਼ਾ ਹੋਤਾ ਹੂੰ, ਮਿਰਜ਼ਾ ਸਾਹਿਬਾ, 'ਭਗਤ ਸਿੰਘ ਕੀ ਵਾਪਸੀ, ਭੂਖੇ ਭਜਨ ਨਾ ਹੋਏ ਗੋਪਾਲਾ,ਅਸ਼ਫਾਕੁੱਲਾ' ਅਤੇ 'ਰਾਜ ਦਰਬਾਰ' ਦੇਸ਼ ਭਰ ਵਿਚ ਇਪਟਾ ਤੇ ਹੋਰ ਨਾਟ-ਮੰਡਲੀਆਂ ਵੱਲੋਂ ਦੇਸ਼-ਭਰ ਵਿਚ ਮੰਚਿਤ ਕੀਤੇ।

ਸਾਗਰ ਸਰਹਦੀ ਨੇ ਯਸ਼ ਚੋਪੜਾ ਦੀਆਂ ਫਿਲਮਾਂ 'ਕਭੀ ਕਭੀ', 'ਸਿਲਸਿਲਾ', 'ਫਾਸਲੇ' ਅਤੇ 'ਚਾਂਦਨੀ' ਵਰਗੀਆਂ ਪਿਆਰ ਦੀਆਂ ਗਾਥਾਵਾਂ ਵਿੱਚ ਆਪਣੇ ਸੰਵਾਦ ਅਤੇ ਸਕ੍ਰੀਨਪਲੇ ਲਈ ਮਸ਼ਹੂਰ ਹਨ,ਉਨਾਂ ਬਾਸੂ ਭੱਟਾਚਾਰੀਆ ਦੀ ਫਿਲਮ 'ਅਨੁਭਵ', ਰਾਜ ਕੰਵਰ ਦੀ ਫਿਲਮ 'ਦੀਵਾਨਾ' ਅਤੇ ਰਾਕੇਸ਼ ਰੋਸ਼ਨ ਦੀ ਫਿਲਮ 'ਕਹੋ ਨਾ ਪਿਆਰ ਹੈ' ਤੋਂ ਇਲਾਵਾ 'ਬਜ਼ਾਰ', 'ਨੂਰੀ', 'ਫਾਸਲ', 'ਜ਼ਿੰਦਗੀ', 'ਦੂਸਰਾ ਆਦਮੀ', 'ਅਨੁਭਵ', 'ਕਰਮਯੋਗੀ', 'ਚੌਸਰ' ਲਈ ਵੀ ਸੰਵਾਦ ਲਿਖੇ ਪਰ ਹਮੇਸ਼ਾ ਲਈ ਯਸ਼ ਚੋਪੜਾ ਨਾਲ ਜੁੜੇ ਰਹਿਣ ਲਈ ਜਾਣਿਆ ਜਾਂਦਾ ਸੀ।

ਇਨਾਂ ਫਿਲਮਾਂ ਵਿਚ ਅਮਿਤਾਭ ਬੱਚਨ, ਸੁਨੀਲ ਦੱਤ, ਸ਼ਸ਼ੀ ਕਪੂਰ, ਵਿਨੋਦ ਖੰਨਾ, ਰਾਖੀ, ਰਿਸ਼ੀ ਕਪੂਰ, ਜਯਾ ਭਾਦੂੜੀ, ਰੇਖਾ, ਸ਼੍ਰੀਦੇਵੀ ਅਤੇ ਪੂਨਮ ਢਿੱਲੋਂ ਵਰਗੇ ਕਮਸ਼ਰੀਅਲ ਫਿਲਮਾਂ ਦੇ ਦਿੱਗਜ ਕਲਾਕਾਰਾਂ ਨੇ ਵੀ ਅਦਕਾਰੀ ਦੇ ਜਲਵੇ ਬਿਖੇਰੇ ਅਤੇ ਯਥਾਰਥਵਾਦੀ ਫਿਲਮਾਂ ਵਿਚ ਨਾਮਣਾ ਖੱਟ ਚੁੱਕੇ ਨਸੀਰੂਦੀਨ ਸ਼ਾਹ, ਫਾਰੂਕ ਸ਼ੇਖ, ਦੀਪਤੀ ਨਵਲ, ਸਮਿਤਾ ਪਾਟਿਲ ਅਤੇ ਸੁਪ੍ਰੀਆ ਪਾਠਕ ਨੇ ਵੀ।

ਸਾਗਰ ਸਰਹੱਦੀ 1982 ਵਿਚ ਯਥਾਰਥਵਾਦੀ ਫਿਲਮ 'ਬਜ਼ਾਰ' ਰਾਹੀਂ ਨਾਲ ਡਾਇਰੈਕਟਰ ਬਣੇ। ਫਾਰੂਕ ਸ਼ੇਖ, ਸਮਿਤਾ ਪਾਟਿਲ, ਨਸੀਰੂਦੀਨ ਸ਼ਾਹ ਅਤੇ ਸੁਪ੍ਰੀਆ ਪਾਠਕ ਦੀ ਅਦਾਕਾਰੀ ਵਾਲੀ ਇਹ ਫਿਲਮ ਕਥਿਤ ਤੌਰ 'ਤੇ ਹੈਦਰਾਬਾਦ ਵਿਚ ਮੁਸਲਿਮ ਕੁੜੀਆਂ ਨੂੰ ਪੈਸੇ ਦੇ ਬਦਲੇ ਅਮੀਰ ਪਰਵਾਸੀਆਂ ਨਾਲ ਵਿਆਹ ਕਰਨ ਲਈ ਮਜਬੂਰ ਕਰਨ ਬਾਰੇ ਇਕ ਸੱਚੀ ਕਹਾਣੀ 'ਤੇ ਅਧਾਰਤ ਸੀ।ਫਿਲਮ ਦਾ ਸੰਗੀਤ ਅਤੇ ਗੀਤ ਵੀ ਕਾਫੀ ਚਰਚਿੱਤ ਹੋਏ।ਇਹ ਫਿਲਮ ਭਾਰਤ ਵਿਚ ਨਵੇਂ-ਯਥਾਰਥਵਾਦੀ ਸਿਨੇਮਾ ਦੀ ਇਕ ਵਿਸ਼ੇਸ਼ਤਾ ਵੀ ਮੰਨੀ ਗਈ ਅਤੇ ਕਲਾ ਫਿਲਮਾਂ ਦੇ ਨਾਲ-ਨਾਲ ਵਪਾਰਕ ਸਫਲਤਾ ਵੀ ਸੀ। ਬਦਕਿਸਮਤੀ ਨਾਲ, ਫਿਲਮ ਸਫਲ ਹੋਣ ਦੇ ਬਾਵਜੂਦ, ਸਰਹੱਦੀ ਇੱਕ ਫਿਲਮ ਨਿਰਦੇਸ਼ਕ ਦੇ ਰੂਪ ਵਿੱਚ ਆਪਣਾ ਕੈਰੀਅਰ ਬਣਾਉਣ ਵਿਚ ਸਫਲ ਨਹੀਂ ਹੋ ਸਕੇ।

ਉਨਾਂ ਨਸੀਰੂਦੀਨ ਸ਼ਾਹ, ਸਮਿਤਾ ਪਾਟਿਲ, ਦੀਪਤੀ ਨਵਲ ਅਤੇ ਮਾਰਕ ਜ਼ੁਬਰ ਦੀ ਭੂਮਿਕਾ ਵਾਲੀ 'ਤੇਰੇ ਸ਼ਹਿਰ ਮੇਂ' ਨਾਂ ਦੀ ਫਿਲਮ ਦੀ ਯੋਜਨਾ ਬਣਾਈ ਸੀ, ਪਰ ਫਿਲਮ ਬਣ ਨਹੀਂ ਸਕੀ।ਉਨਾਂ 'ਬਾਜ਼ਾਰ' ਦਾ ਸੀਕਵਲ ਬਣਾਉਣ ਬਾਰੇ ਵੀ ਸੋਚਿਆ ਸੀ ਪਰ ਆਪਣਾ ਸੁਪਨਾ ਸਾਕਾਰ ਹੁੰਦਾ ਨਹੀਂ ਵੇਖ ਸਕਿਆ।ਸਾਗਰ ਸਰਹੱਦੀ ਉਰਦੂ ਲੇਖਕ ਅਤੇ ਕਵੀ ਬਣਨ ਵਿੱਚ ਦਿਲਚਸਪੀ ਰੱਖਦਾ ਸੀ। ਪਰ ਵਿੱਤੀ ਸੁਰੱਖਿਆ ਦੀ ਜ਼ਰੂਰਤ ਨੇ ਉਸਦਾ ਫਿਲਮਾਂ ਵੱਲ ਵਧੇਰੇ ਝੁਕਾਅ ਕਰ ਦਿੱਤਾ।

ਕਹਿੰਦੇ ਨੇ ਫਿਲਮ ਨਗਰੀ ਵਿਚ ਚੜ੍ਹਦੇ ਸੂਰਜ ਨੂੰ ਹੀ ਹਰ ਕੋਈ ਸਲਾਮ ਕਰਦਾ ਹੈ, ਡੁੱਬਦੇ ਵੱਲ ਸਾਰੇ ਪਿੱਠ ਕਰ ਲੈਂਦੇ ਹਨ।ਹਾਲਾਂਕਿ ਡੁੱਬਦੇ ਸੂਰਜ ਦੀ ਭਾਅ ਮਾਰਦੀ ਲਾਲੀ ਦੀ ਖੂਬਸੂਰਤੀ ਵੇਖਣ ਯੋਗ ਹੁੰਦੀ ਹੈ।ਪਰ ਕੁਦਰਤ ਨੂੰ ਨਿਹਾਰਨ, ਕੁਦਰਤ ਨਾਲ ਇਕ-ਮਿੱਕ ਹੋਣ ਦਾ ਵਕਤ ਕਿਸ ਕੋਲ ਹੈ।ਉਹ ਵੀ ਮੁੰਬਈ ਵਰਗੇ ਤੇਜ਼-ਰਫਤਾਰੀ ਸ਼ਹਿਰ ਵਿਚ।ਫਿਲਮ ਨਗਰੀ ਨਾਲ ਜੁੜੇ ਮਿੱਤਰ ਦੀ ਜਦ ਤੂਤੀ ਬੋਲਦੀ ਹੈ ਤਾਂ ਉਸ ਦੀਆਂ ਸ਼ਾਮਾਂ ਵੀ ਰੰਗੀਨ ਤੇ ਰਾਤਾ ਵੀ। ਜਦ ਤੂਤੀ ਬੋਲਣੀ ਬੰਦ ਸ਼ਾਮਾਂ, ਰਾਤਾਂ ਤਾਂ ਕੀ ਸ਼ਿਖਰ ਦੁਪਿਹਰੇ ਹੀ ਸੰਨਾਟਾ ਛਾਅ ਜਾਂਦਾ ਹੈ।

ਏ.ਕੇ ਹੰਗਲ ਚਰਿੱਤਰ ਅਭਿਨੇਤਾ ਵੱਜੋਂ ਹਿੰਦੀ ਫਿਲਮਾਂ ਵਿਚ ਲੰਮਾ ਅਰਸਾ ਸਰਗਰਮ ਰਹੇ।ਫਿਲਮ ਜਗਤ ਦੀਆ ਤਕਰੀਬਨ ਸਾਰੀਆਂ ਦਿੱਗਜ ਹਸਤੀਆਂ ਨਾਲ ਕੰਮ ਵੀ ਕੀਤਾ।ਅਤੇ ਅਖੀਰਲੇ ਕੁੱਝ ਸਾਲ ਇਪਟਾ ਦੇ ਰਾਸ਼ਟਰੀ ਪ੍ਰਧਾਨ ਵੀ ਰਹੇ। ਪਰ ਉਨਾਂ ਦੀ ਅੰਤਿਮ ਰਸਮਾਂ ਵੇਲੇ ਤਕਰੀਬਨ ਸਾਰੇ ਹੀ ਦਿੱਗਜ 'ਰੁਝੇਵਿਆਂ' ਕਾਰਣ ਮਨਫ਼ੀ ਸਨ।

ਹੁਣ ਵੇਖਣਾ ਇਹ ਹੋਵੇਗਾ ਸਾਰੀ ਉਮਰ ਕਲਾ ਨੂੰ ਲੋਕਾਈ ਦੇ ਹਿੱਤਾਂ ਨੂੰ ਵਰਤਣ ਵਾਲੇ, ਲੋਕਾਂ ਦੇ ਹਿੱਤਾ ਨੂੰ ਪ੍ਰਣਾਏ ਹੋਏ, ਦੂਸਰੇ ਦੀ ਪਾਟੀ ਬਿਆਈ ਦਾ ਦਰਦ ਵੀ ਮਹਿਸੂਸ ਕਰਨ ਵਾਲੇ ਅਤੇ ਸਾਰੀ ਮਨੁੱਖਤਾ ਦੀ ਪੀੜਾ ਨੂੰ ਆਪਣੀ ਪੀੜਾ ਸਮਝਣ ਵਾਲੇ ਸਾਗਰ ਸਰਹੱਦੀ, ਜਿਨ੍ਹਾਂ ਫਿਲਮ ਦੇ ਖੇਤਰ ਵਿਚ ਨਵੀਆਂ ਪੈੜਾਂ ਪਾਈਆਂ, ਜਿਹੜੇ ਫਿਲਮ ਜਗਤ ਦੀਆ ਸਾਰੀਆਂ ਮੰਨੀਆਂ-ਪ੍ਰਮੰਨੀਆਂ ਹਸਤੀਆਂ ਨਾਲ ਵਿਚਰੇ, ਕਈਆਂ ਨੂੰ ਸਥਾਪਤ ਕਰਨ ਵਿਚ ਵੀ ਆਪਣਾ ਇਮਦਾਦ ਕੀਤੀ, ਉਨਾਂ ਦੀਆਂ ਅੰਤਿਮ ਰਸਮਾਂ ਵਿਚ ਸ਼ਮੂਲੀਅਤ ਕਿੰਨੀ ਕੁ ਅਤੇ ਕਿੰਨੀ ਸ਼ਿੱਦਤ ਨਾਲ ਹੁੰਦੀ ਹੈ।

ਸੰਜੀਵਨ ਸਿੰਘ
#2249, ਫੇਜ਼-10, ਮੁਹਾਲੀ
94174-60656

## ਔਰਤ ਨੂੰ ਬੇਹੋਸ਼ ਕਰਕੇ ਨਾਕਬਪੋਸ਼ਾਂ ਨੇ ਦੋ ਬੱਚੇ ਅਗਵਾ ਕਰ ਲਏ

*** ਪੁਲਸ ਦਾ ਘੇਰਾ ਵੇਖ ਕੇ ਅਗਵਾਕਾਰ ਬੱਚਿਆਂ ਨੂੰ ਛੱਡ ਕੇ ਭੱਜੇ**



ਹਰਚੋਵਾਲ, 5 ਮਈ (ਪੋਸਟ ਬਿਊਰੋ)- ਮੋਟਰਸਾਈਕਲ ਸਵਾਰ ਨਕਾਬਪੋਸ਼ਾਂ ਨੇ ਦੁਕਾਨ ਉੱਤੇ ਬੈਠੀ ਹੋਈ ਇੱਕ ਔਰਤ ਨੂੰ ਬੇਹੋਸ਼ ਕਰ ਕੇ ਉਸ ਦੇ ਬੱਚਿਆਂ, ਧੀ ਅਤੇ ਪੁੱਤਰ ਨੂੰ ਅਗਵਾ ਕਰ ਲਿਆ, ਪਰ ਪੁਲਸ ਅਤੇ ਲੋਕਾਂ ਦੀ ਘੇਰਾਬੰਦੀ ਕਾਰਨ ਅਗਵਾਕਾਰ ਬੱਚਿਆਂ ਨੂੰ ਰਸਤੇ ਵਿੱਚ ਛੱਡ ਕੇ ਫਰਾਰ ਹੋ ਗਏ।

ਇਸ ਬਾਰੇ ਸਵਰਨ ਕੌਰ ਪਤਨੀ ਬੂਟਾ ਰਾਮ ਪਿੰਡ ਭਾਮ ਨੇ ਦੱਸਿਆ ਕਿ ਉਹ ਮਿੱਟੀ ਦੇ ਬਰਤਨ ਵੇਚਣ ਦਾ ਕੰਮ ਪਿੰਡ ਦੇ ਬੱਸ ਅੱਡੇ ਉੱਤੇ ਕਰਦੀ ਹੈ। ਬੀਤੇ ਦਿਨੀਂ ਮੇਰੀ ਨੂੰਹ ਸਿਮਰਨਜੀਤ ਕੌਰ ਪਤਨੀ ਅਵਤਾਰ ਸਿੰਘ ਆਪਣੇ ਲੜਕੇ ਫਤਿਹ ਸਿੰਘ (7) ਅਤੇ ਦੂਜੇ ਲੜਕੇ ਤਰਸੇਮ ਸਿੰਘ ਦੀ ਲੜਕੀ ਮਨਪ੍ਰੀਤ ਕੌਰ (12) ਨਾਲ ਦੁਕਾਨ ਉੱਤੇ ਆਈ ਅਤੇ ਉਹ ਦੁਪਹਿਰ ਸਮੇਂ ਘਰ ਖਾਣਾ ਖਾਣ ਚਲੀ ਗਈ। ਪਿੱਛੋਂ ਮੋਟਰਸਾਈਕਲ ਸਵਾਰ ਨੌਜਵਾਨ ਦੁਕਾਨ ਉੱਤੇ ਆਏ ਤੇ ਕਹਿਣ ਲੱਗੇ ਕਿ ਅਸੀਂ ਗਰੀਬਾਂ ਦੇ ਬੱਚਿਆਂ ਨੂੰ ਸਾਮਾਨ ਵੰਡਦੇ ਹਾਂ, ਤੁਹਾਨੂੰ ਸਾਮਾਨ ਚਾਹੀਦਾ ਹੈ ਤਾਂ ਦੱਸੋ। ਸਿਮਰਨਜੀਤ ਨੇ ਕਿਹਾ ਕਿ ਸਾਨੂੰ ਕੋਈ ਸਾਮਾਨ ਨਹੀਂ ਚਾਹੀਦਾ। ਇਸ ਉੱਤੇ ਨੌਜਵਾਨਾਂ ਨੇ ਜੇਬ ਵਿੱਚੋਂ ਰੁਮਾਲ ਕੱਢ ਕੇ ਸਿਮਰਨਜੀਤ ਦੇ ਮੂੰਹ ਉੱਤੇ ਲਾ ਦਿੱਤਾ ਅਤੇ ਉਹ ਬੇਹੋਸ਼ ਹੋ ਗਈ। ਅਗਵਾਕਾਰ ਦੋਵਾਂ ਬੱਚਿਆਂ ਨੂੰ ਜ਼ਬਰਦਸਤੀ ਮੋਟਰਸਾਈਕਲ ਉੱਤੇ ਬੈਠ ਕੇ ਹਰਚੋਵਾਲ ਵੱਲ ਲੈ ਗਏ।ਇਸ ਦੀ ਸੂਚਨਾ ਬੱਚਿਆਂ ਦੇ ਪਰਵਾਰ ਨੂੰ ਮਿਲੀ ਤਾਂ ਉਨ੍ਹਾਂ ਪਿੰਡ ਦੇ ਸਰਪੰਚ ਨੂੰ ਦੱਸਿਆ, ਜਿਸਨੇ ਪੁਲਸ ਚੌਕੀ ਹਰਚੋਵਾਲ ਨੂੰ ਸੂਚਿਤ ਕੀਤਾ। ਪੁਲਸ ਨੇ ਚਾਰੇ ਪਾਸੇ ਨਾਕਾਬੰਦੀ ਕਰ ਦਿੱਤੀ ਤੇ ਲੋਕਾਂ ਨੇ ਵੀ ਇਲਾਕੇ ਵਿੱਚ ਘੇਰਾਬੰਦੀ ਕਰ ਲਈ, ਤਾਂ ਅਗਵਾਕਾਰ ਬੱਚਿਆਂ ਨੂੰ ਭਾਮੜੀ ਮੋੜ ਉੱਤੇ ਉਤਾਰ ਕੇ ਫ਼ਰਾਰ ਹੋ ਗਏ। ਬੱਚੇ ਹਰਚੋਵਾਲ ਵਿੱਚ ਅਵਤਾਰ ਸਿੰਘ ਦੇ ਕੋਲ ਪਹੁੰਚ ਗਏ। ਪੁਲਸ ਨੇ ਬੱਚਿਆਂ ਤੋਂ ਪੁੱਛਗਿੱਛ ਕਰਕੇ ਪਰਵਾਰ ਨੂੰ ਸੌਂਪ ਦਿੱਤਾ ਤੇ ਦੁਕਾਨਾਂ ਦੇ ਬਾਹਰ ਲੱਗੇ ਸੀ ਸੀ ਟੀ ਵੀ ਕੈਮਰੇ ਦੀ ਫੁਟੇਜ਼ ਦੀ ਮੱਦਦ ਨਾਲ ਅਗਵਾਕਾਰਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਹਾਈ ਕੋਰਟ ਵੱਲੋਂ ਜਗਤਾਰ ਸਿੰਘ ਹਵਾਰਾ ਨੂੰ ਜ਼ਮਾਨਤ ਤੋਂ ਇਨਕਾਰ



ਚੰਡੀਗੜ੍ਹ, 5 ਮਈ (ਪੋਸਟ ਬਿਊਰੋ)- ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਵਾਲੇ ਕਤਲ ਕੇਸ ਵਿੱਚ ਜੇਲ੍ਹ ਬੰਦ ਜਗਤਾਰ ਸਿੰਘ ਹਵਾਰਾ ਵੱਲੋਂ ਜੇਲ੍ਹ ਵਿੱਚੋਂ ਪੈਰੋਲ ਲੈਣ ਦੀ ਤਿਆਰੀ ਹੋ ਰਹੀ ਹੈ। ਇਸੇ ਕਾਰਨ ਉਸ ਨੇ 15 ਸਾਲ ਪਹਿਲਾਂ ਚੰਡੀਗੜ੍ਹ ਵਿੱਚ ਹੋਏ ਇੱਕ ਬੰਬ ਧਮਾਕੇ ਦੇ ਕੇਸ ਵਿੱਚ ਪੱਕੀ ਜ਼ਮਾਨਤ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟਨੂੰ ਪਹੁੰਚ ਕੀਤੀ, ਪਰ ਹਾਈ ਕੋਰਟ ਨੇ ਜ਼ਮਾਨਤ ਦੇਣ ਤੋਂ ਇਸ ਲਈ ਇਨਕਾਰ ਕਰ ਦਿੱਤਾ ਕਿ ਹਵਾਰਾ ਵਿਰੁੱਧ ਗੰਭੀਰ ਕੇਸਚੱਲਦੇ ਹਨ ਤੇ ਬੇਅੰਤ ਸਿੰਘ ਕਤਲ ਕੇਸ ਵਿੱਚ ਉਸ ਨੂੰ ਸਾਰੀ ਜ਼ਿੰਦਗੀ ਜੇਲ੍ਹ ਤੋਂ ਬਾਹਰ ਨਾ ਆਉਣ ਦਾ ਅਦਾਲਤੀ ਹੁਕਮ ਹੈ। ਜਗਤਾਰ ਸਿੰਘ ਹਵਾਰਾ ਨੇ ਜ਼ਮਾਨਤ ਅਰਜ਼ੀ ਵਿੱਚ ਕਿਹਾ ਸੀ ਕਿ ਬੰਬ ਧਮਾਕੇ ਦੇ 15 ਸਾਲ ਪੁਰਾਣੇ ਕੇਸ ਵਿੱਚ ਅਜੇ ਟਰਾਇਲ ਸ਼ੁਰੂ ਨਹੀਂ ਹੋ ਸਕਿਆ ਤੇ 2010 ਵਿੱਚ ਹੋਰ ਦੋਸ਼ੀਆਂ ਨੂੰ ਜ਼ਮਾਨਤ ਮਿਲ ਚੁੱਕੀ ਹੈ, ਇਸ ਲਈ ਉਸ ਨੂੰ ਵੀ ਜ਼ਮਾਨਤ ਦਿੱਤੀ ਜਾਣੀ ਚਾਹੀਦੀ ਹੈ। ਉਸ ਨੇ ਕਿਹਾ ਕਿ ਇਸ ਕੇਸ ਵਿੱਚ ਜ਼ਮਾਨਤ ਮਿਲਣ ਨਾਲ ਉਹ ਰਿਹਾਅ ਨਹੀਂ ਹੋ ਸਕੇਗਾ, ਕਿਉਂਕਿ ਬੇਅੰਤ ਸਿੰਘ ਕਤਲ ਕੇਸ ਵਿੱਚ ਉਹ ਉਮਰ ਕੈਦ ਭੁਗਤ ਰਿਹਾ ਹੈ ਅਤੇ ਅਦਾਲਤ ਨੇ ਰਹਿੰਦੀ ਜ਼ਿੰਦਗੀ ਤੱਕ ਜੇਲ੍ਹ ਵਿੱਚ ਰੱਖਣ ਦਾ ਹੁਕਮ ਦਿੱਤਾ ਹੋਇਆ ਹੈ। ਜਸਟਿਸ ਅਲਕਾ ਸਰੀਨ ਦੀ ਬੈਂਚ ਨੇ ਚੰਡੀਗੜ੍ਹ ਬੰਬ ਧਮਾਕੇ ਦੇ ਕੇਸ ਵਿੱਚ ਜਗਤਾਰ ਸਿੰਘ ਹਵਾਰਾ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਹੈ ਕਿ ਬੇਅੰਤ ਸਿੰਘ ਕਤਲ ਕੇਸ ਵਿੱਚ ਉਸ ਨੂੰ ਰਹਿੰਦੀ ਜ਼ਿੰਦਗੀ ਵਿੱਚ ਬਾਹਰ ਨਾ ਆਉਣ ਦਾ ਹੁਕਮ ਦਿੱਤਾ ਹੋਇਆ ਹੈ।

## ਕੋਟਕਪੂਰਾ ਗੋਲੀਕਾਂਡ ਕੇਸ ਵਿੱਚ ਹਾਈ ਕੋਰਟ ਦੇ ਫ਼ੈਸਲੇ ਉੱਤੇ ਵਕੀਲ ਅਮਰ ਸਿੰਘ ਚਹਿਲ ਨੇ ਸਵਾਲ ਚੁੱਕੇ



ਚੰਡੀਗੜ੍ਹ, 5 ਮਈ (ਪੋਸਟ ਬਿਊਰੋ)- ਕੋਟਕਪੂਰਾ ਗੋਲੀਕਾਂਡ ਕੇਸ ਵਿੱਚ ਪੰਜਾਬ ਹਰਿਆਣਾ ਹਾਈ ਕੋਰਟ ਦੇ ਫ਼ੈਸਲੇ ਬਾਰੇ ਚੰਡੀਗੜ੍ਹ ਦੇ ਵਕੀਲ ਅਮਰ ਸਿੰਘ ਚਹਿਲ ਨੇ ਕਈ ਗੱਲਾਂ ਕਾਰਨ ਇਸ ਫ਼ੈਸਲੇ ਨੂੰ ਪੂਰੀ ਤਰ੍ਹਾਂ ਗਲਤ ਦੱਸ ਕੇ ਕਿਹਾ ਹੈ ਕਿ ਜੱਜ ਨੇ ਕਲਪਨਾ ਮੁਤਾਬਕ ਫ਼ੈਸਲੇ ਵਿੱਚ ਤਰਕ ਦਿੱਤੇ ਹਨ। ਉਨ੍ਹਾਂ ਨੇ ਕੇਸ ਵਿੱਚ ਪਟੀਸ਼ਨਰ ਇੰਸਪੈਕਟਰ ਗੁਰਦੀਪ ਸਿੰਘ ਵੱਲੋਂ ਲਾਏ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਅਤੇ ਕਿਹਾ ਕਿ ਇਹ ਫ਼ੈਸਲਾ ਟਰਾਇਲ ਕੋਰਟ ਨੇ ਲੈਣਾ ਸੀ ਕਿ ਉਸ ਨੇ ਜਿਹੜੇ ਬਿਆਨ ਜਾਂਚ ਟੀਮ ਦੇ ਮੂਹਰੇ ਦਰਜ ਕਰਵਾਏ ਸਨ, ਉਹ ਸਹੀ ਸਨ ਜਾਂ ਗਲਤ।

ਚੰਡੀਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਮਰ ਸਿੰਘ ਚਹਿਲ ਨੇ ਕਿਹਾ ਕਿ ਇਸ ਕੇਸ ਵਿੱਚ ਬਾਦਲ ਨਾ ਪਟੀਸ਼ਨਰ ਸਨ ਅਤੇ ਨਾ ਉਨ੍ਹਾਂ ਨੂੰ ਇਸ ਕੇਸ ਵਿੱਚ ਦੋਸ਼ੀ ਬਣਾਇਆ ਸੀ, ਫਿਰ ਵੀ ਹਾਈ ਕੋਰਟ ਨੇ ਆਪਣੇ ਫ਼ੈਸਲੇ ਵਿੱਚ ਇੱਕ ਤਰ੍ਹਾਂ ਕਲੀਨ ਚਿੱਟ ਦੇ ਦਿੱਤੀ, ਜਿਸ ਤੋਂ ਬਾਅਦ ਅਕਾਲੀ ਦਲ ਨੇ ਪ੍ਰੈੱਸ ਕਾਨਫਰੰਸਾਂ ਕਰ-ਕਰ ਕੇ ਇਸ ਫ਼ੈਸਲੇ ਦਾ ਸੁਆਗਤ ਕੀਤਾ ਹੈ। ਚਹਿਲ ਨੇ ਸਵਾਲ ਕੀਤਾ ਕਿ ਹਾਈ ਕੋਰਟ ਨੇ ਇਨ੍ਹਾਂ ਦੇ ਹੱਕ ਵਿੱਚ ਇਹ ਗੱਲਾਂ ਕਿਉਂ ਕਹੀਆਂ।ਇਸ ਤੋਂ ਇਲਾਵਾ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੇ ਮੈਂਬਰ ਰਹੇ ਪੰਜਾਬ ਦੇ ਸਾਬਕਾ ਆਈ ਪੀ ਐਸ ਅਫ਼ਸਰ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਵਿਹਾਰ ਬਾਰੇ ਹਾਈ ਕੋਰਟ ਵੱਲੋਂ ਕੀਤੀਆਂ ਟਿੱਪਣੀਆਂਬਾਰੇ ਚਹਿਲ ਨੇ ਕਿਹਾ ਕਿ ਹਾਈ ਕੋਰਟ ਨੂੰ ਸਿਰਫ਼ ਟੀਮ ਵੱਲੋਂ ਕੀਤੀ ਕਾਨੂੰਨੀ ਜਾਂਚ ਬਾਰੇ ਸੋਚਣਾ ਚਾਹੀਦਾ ਸੀ, ਕਿਸੇ ਦੇ ਨਿੱਜੀ ਵਿਹਾਰ ਉੱਤੇ ਗੌਰ ਕਰਨ ਦਾ ਤਾਂ ਕੋਈ ਮਤਲਬ ਹੀ ਨਹੀਂ ਹੋਣਾ ਚਾਹੀਦਾ ਸੀ।

## ਘਰ ਵਿੱਚ ਖਜ਼ਾਨਾ ਦੱਬਿਆ ਹੋਣ ਦਾ ਕਹਿ ਕੇ ਕਿਸਾਨ ਤੋਂ 12 ਲੱਖ ਠੱਗੇ

ਪਟਿਆਲਾ, 5 ਮਈ (ਪੋਸਟ ਬਿਊਰੋ)- 'ਮਾਤਾ ਲਕਸ਼ਮੀ ਦਾ ਖਜ਼ਾਨਾ ਤੁਹਾਡੇ ਘਰ ਵਿੱਚ ਦੱਬਿਆ ਹੈ। ਸੱਤ ਪੀੜ੍ਹੀਆਂ ਨੂੰ ਕੰਮ ਕਰਨ ਦੀ ਲੋੜ ਨਹੀਂ ਰਹਿਣੀ।' ਤਿੰਨ ਠੱਗਾਂ ਦੀ ਇਹ ਗੱਲ ਸੁਣ ਕੇ ਕਿਸਾਨ ਨੇ ਗਹਿਣਿਆਂ ਉੱਤੇ ਕਰਜ਼ਾ ਲੈ ਲਿਆ ਤੇ ਠੱਗ ਉਸ ਦੇ 12 ਲੱਖ ਰੁਪਏ ਲੈ ਕੇ ਫਰਾਰ ਹੋ ਗਏ। ਇਸ ਦੇ ਬਾਅਦ ਕਿਸਾਨ ਜ਼ਮੀਨ ਤੇ ਡੇਅਰੀ ਵੇਚਣ ਨੂੰ ਮਜਬੂਰ ਹੋ ਗਿਆ ਹੈ, ਜਿਸ ਬਾਰੇ ਪੁਲਸ ਵੱਲੋਂ ਜਾਂਚ ਚੱਲ ਰਹੀ ਹੈ। ਥਾਣਾ ਅਨਾਜ ਮੰਡੀ ਨੇ ਇਸ ਬਾਰੇ ਤਿੰਨ ਠੱਗਾਂ ਰਾਮ ਵਾਸੀ ਉਤਰ ਪ੍ਰਦੇਸ਼ ਹਾਲ-ਵਾਸੀ ਨੈਣਾਂ ਦੇਵੀ ਮੰਦਰ ਸਰਹਿੰਦ ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਅਲੀ ਸ਼ੇਖ ਅਤੇ ਅਬਦੁੱਲਾ ਦੇ ਵਿਰੁੱਧ ਧੋਖਾਦੇਹੀ ਦੀਆਂ ਧਾਰਾਵਾਂ ਦਾ ਕੇਸ ਦਰਜ ਕਰ ਕੇ ਤਿੰਨਾਂ ਜਣਿਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਪੀੜਤ ਕਿਸਾਨ ਦੇ ਦੱਸਣ ਮੁਤਾਬਕ ਉਸ ਦੇ ਰਿਸ਼ਤੇਦਾਰ ਨੇ ਰਾਮ ਨਾਂਅ ਦੇ ਵਿਅਕਤੀ ਨੂੰ ਹਵਨ ਕਰਨ ਲਈ ਉਸ ਦੇ ਘਰ ਭੇਜਿਆ ਸੀ। ਰਾਮ ਕਹਿੰਦਾ ਸੀ ਕਿ ਉਸ (ਕਿਸਾਨ) ਦੇ ਘਰ ਸੋਨੇ ਦਾ ਘੜਾ ਦੱਬਿਆ ਹੋਇਆ ਹੈ, ਪਰ ਉਨ੍ਹਾਂ ਗੱਲ ਨਹੀਂ ਗੌਲੀ। ਕਰੀਬ ਤਿੰਨ ਮਹੀਨੇ ਬਾਅਦ ਫੇਰ ਰਾਮ ਨੂੰ ਘਰ ਬੁਲਾਇਆ ਤਾਂ ਉਹ ਹੋਰ ਸਬਜ਼ਬਾਗ ਵਿਖਾ ਗਿਆ।ਕਿਸਾਨ ਦੇ ਮੁਤਾਬਕ ਰਾਮ ਨੇ ਘਰ ਵਿੱਚ ਟੋਇਆ ਪੁੱਟਿਆ ਅਤੇ ਇੱਕ ਦਿਨ ਪਹਿਲਾਂ ਪੂਜਾ ਕਰਨ ਪਿੱਛੋਂ ਸੋਨੇ ਨਾਲ ਭਰੇ ਘੜੇ, ਸੋਨੇ ਦੇ ਸਿੱਕੇ, ਮੂਰਤੀਆਂ ਤੇ ਇੱਟਾਂ ਦਿਖਾਈਆਂ, ਜਿਸ ਨੂੰ ਵੇਖ ਕੇ ਉਹ ਹੈਰਾਨ ਹੋ ਗਿਆ। ਠੱਗ ਨੇ ਹੋਰ ਖਜ਼ਾਨਾ ਹੋਣ ਦੀ ਗੱਲ ਕਹੀ ਤੇ ਪੁੱਤਰ ਦੀ ਬਲੀ ਦੇਣ ਲਈ ਆਖਦਾ ਸੀ। ਕਿਸਾਨ ਨੇ ਨਾਂਹ ਕੀਤੀ ਤਾਂ ਠੱਗ ਨੇ ਇੱਕ ਹੋਰ ਲਾਰਾ ਲਾ ਕੇ ਇੱਕ ਲੱਖ ਰੁਪਏ ਲੈ ਲਏ। ਜਦੋਂ ਉਸ ਨੇ ਘੜਾ ਦੁਬਾਰਾ ਖਿੱਚਣਾ ਸ਼ੁਰੂ ਕੀਤਾ ਤਾਂ ਉਸ ਨੇ ਟੋਏ ਵਿੱਚ ਸੱਪ ਦਿਖਾਇਆ ਤੇ ਇਸ ਮਗਰੋਂ ਲਗਭਗ 11 ਲੱਖ ਰੁਪਏ ਹੋਰ ਲੈ ਗਿਆ। ਜਾਣ ਲੱਗਾ ਉਹ ਕਹਿ ਗਿਆ ਕਿ ਉਸ ਦੀ ਗੈਰ-ਹਾਜ਼ਰੀ ਵਿੱਚ ਕੋਈ ਘੜੇ ਨੂੰ ਹੱਥ ਨਾ ਲਾਵੇ, ਉਹ ਕੁਝ ਦਿਨ ਬਾਅਦ ਆਉਣਗੇ। ਇੱਕ ਦਿਨ ਦੋਸ਼ੀਆਂ ਨੇ ਫੋਨ ਕਰ ਕੇ ਘੜਾ ਕੱਢਣ ਲਈ ਉਨ੍ਹਾਂ ਦੇ ਘਰ ਆਉਣ ਦਾ ਲਾਰਾ ਲਾਇਆ। ਕਾਫੀ ਘੰਟੇ ਬੀਤਣ ਉੱਤੇ ਅਣਪਛਾਤੇ ਬੰਦੇ ਨੇ ਫੋਨ ਕੀਤਾ ਕਿ ਰਾਮ ਤੇ ਸਾਥੀਆਂ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ ਹੈ। ਕਾਫੀ ਭਾਲ ਤੋਂ ਬਾਅਦ ਵੀ ਉਨ੍ਹਾਂ ਦਾ ਹਾਦਸਾ ਹੋਣ ਦਾ ਕੋਈ ਸੁਰਾਗ ਨਹੀਂ ਮਿਲਿਆ।

## ਕਰਿੱਡ ਦੇ ਬਾਨੀ ਤੇ ਉਘੇ ਸਿੱਖਿਆ ਸ਼ਾਸਤਰੀ ਰਸ਼ਪਾਲ ਮਲਹੋਤਰਾ ਦਾ ਦੇਹਾਂਤ



ਚੰਡੀਗੜ੍ਹ, 5 ਮਈ (ਪੋਸਟ ਬਿਊਰੋ)- ਉਤਰੀ ਭਾਰਤ ਵਿੱਚ ਕੌਮਾਂਤਰੀ ਪੱਧਰ ਦੀ ਖੋਜ ਸੰਸਥਾ ਦੇ ਸੰਸਥਾਪਕ ਤੇ ਨਾਮਵਰ ਸਿੱਖਿਆ ਸ਼ਾਸਤਰੀ ਰਸ਼ਪਾਲ ਮਲਹੋਤਰਾ (84) ਨਹੀਂ ਰਹੇ। ਉਹ ਕਰੀਬ ਇੱਕ ਹਫ਼ਤੇ ਤੋਂ ਕੋਰੋਨਾ ਤੋਂ ਪੀੜਤ ਹੋਣ ਕਾਰਨ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਖੇ ਦਾਖਲ ਸਨ, ਜਿੱਥੇ ਉਨ੍ਹਾਂ ਕੱਲ੍ਹ ਸਵੇਰੇ ਆਖ਼ਰੀ ਸਾਹ ਲਿਆ।

ਚੰਡੀਗੜ੍ਹ ਵਿਖੇ 'ਕਰਿਡ' ਨਾਮਕ ਖੋਜ ਸੰਸਥਾ ਸਥਾਪਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਰਸ਼ਪਾਲ ਮਲਹੋਤਰਾ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਡਾ. ਮਨਮੋਹਨ ਸਿੰਘ ਅਤੇ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਦੇ ਨੇੜਲੇ ਸਾਥੀਆਂ ਵਿੱਚੋਂ ਸਨ ਅਤੇ ਉਨ੍ਹਾਂ ਨੇ ਉਤਰੀ ਭਾਰਤੀ ਦੇ ਸਮਾਜਿਕ ਅਤੇ ਆਰਥਿਕ ਖੇਤਰਾਂ ਨਾਲ ਸਬੰਧਤ ਕਈ ਖੋਜ ਪ੍ਰਾਜੈਕਟ ਪੂਰੇ ਕੀਤੇ ਸਨ। ਯੋਜਨਾ ਕਮਿਸ਼ਨ ਤੇ ਕੇਂਦਰ ਸਰਕਾਰ ਦੇ ਵਿਭਾਗਾਂ ਤੋਂ ਉਨ੍ਹਾਂ ਦੀ ਸੰਸਥਾ ਦੀ ਖੋਜਤੋਂ ਸਾਹਮਣੇ ਆਉਂਦੇ ਪੱਖਾਂ ਨੂੰ ਵੱਡੀ ਮਹੱਤਤਾ ਮਿਲਦੀ ਸੀ। ਉਨ੍ਹਾਂ ਦੀ ਸੰਸਥਾ ਨੇ ਦੱਖਣੀ ਅਤੇ ਕੇਂਦਰੀ ਏਸ਼ੀਆ ਵਿੱਚ ਸ਼ਾਂਤੀ ਲਈ ਵੀ ਇੱਕ ਖਾਸ ਪ੍ਰੋਗਰਾਮ ਚਲਾਇਆ ਸੀ, ਜਿਸ ਨੂੰ ਇਸ ਖੇਤਰ ਦੇ ਦੇਸ਼ਾਂ ਦਾ ਵੱਡਾ ਸਮਰਥਨ ਮਿਲਿਆ ਸੀ। ਮਲਹੋਤਰਾ ਨੂੰ ਕੋਰੀਆ ਦੀ ਇੱਕ ਯੂਨੀਵਰਸਿਟੀ ਨੇ ਡਾਕਟਰੇਟ ਦੀ ਡਿਗਰੀ ਦੇ ਕੇ ਸਨਮਾਨਤ ਕੀਤਾ ਹੈ। ਮਲਹੋਤਰਾ ਦਾ ਜਨਮ ਕਸੂਰ (ਪਾਕਿਸਤਾਨ) ਵਿਖੇ ਹੋਇਆ ਸੀ। ਉਨ੍ਹਾਂ ਦਾ ਬੇਟਾ ਅਮਰੀਕਾ ਵਿਖੇ ਅਤੇ ਬੇਟੀ ਤੇ ਦਾਮਾਦ ਭਾਰਤ ਆਏ ਹੋਏ ਸਨ। ਮਲਹੋਤਰਾ ਵੱਲੋਂ ਸਥਾਪਤ ਕੀਤੀ ਸੰਸਥਾ ਨਾਲ ਅੱਜ ਵੀ ਬਹੁਤ ਸਾਰੇ ਨਾਮੀ ਵਿਦਵਾਨ ਜੁੜੇ ਹੋਏ ਹਨ ਤੇ ਸੰਸਥਾ ਵੱਲੋਂ ਸੈਂਕੜੇ ਖੋਜ ਪੇਪਰ ਤੇ ਕਿਤਾਬਾਂ ਆਦਿ ਛਾਪੀਆਂ ਜਾ ਚੁੱਕੀਆਂ ਹਨ ਅਤੇ ਇੱਕ ਤ੍ਰੈ-ਮਾਸਿਕ ਖੋਜ ਮੈਗਜ਼ੀਨ ਵੀ ਛਾਪਿਆ ਜਾਂਦਾ ਹੈ। ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਮਲਹੋਤਰਾ ਦੇ ਦਿਹਾਂਤ ਉੱਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਉਹ ਇੱਕ ਮਹਾਨ ਸਿੱਖਿਆ ਸ਼ਾਸਤਰੀ, ਦਾਰਸ਼ਨਿਕ ਤੇ ਆਪਣੇ ਆਪ ਵਿੱਚ ਮੁਕੰਮਲ ਸੰਸਥਾ ਸਨ। ਉਨ੍ਹਾਂ ਦੀ ਦੂਰਅੰਦੇਸ਼ ਸੋਚ, ਜਨਤਕ ਨੀਤੀਆਂ ਦੇ ਖੇਤਰ ਵਿੱਚ ਬੌਧਿਕ ਸਰਗਰਮੀਆਂ, ਸ਼ਾਂਤੀ ਅਤੇ ਸਦਭਾਵਨਾ ਨਾਲ ਵਿਕਾਸ ਕਰਨ ਕਰਕੇ ਉਨ੍ਹਾਂ ਨੇ ਕੌਮਾਂਤਰੀ ਪ੍ਰਸਿੱਧੀ ਅਤੇ ਮਾਨਤਾ ਪ੍ਰਾਪਤ ਕੀਤੀ ਸੀ।

## ਗੋਡੇ ਦੇ ਇਲਾਜ ਵਿੱਚ ਕੋਤਾਹੀ ਕਰਨ ਲਈ ਨਿੱਜੀ ਹਸਪਤਾਲ ਨੂੰ 3.10 ਲੱਖ ਹਰਜਾਨਾ

ਜਲੰਧਰ, 5 ਮਈ (ਪੋਸਟ ਬਿਊਰੋ)- ਜ਼ਿਲ੍ਹਾ ਖਪਤਕਾਰ ਫੋਰਮ ਨੇ ਜਲੰਧਰ ਦੇ ਆਰਥੋਨੋਵਾ ਹਸਪਤਾਲ ਨੂੰ ਗੋਡੇ ਸਹੀ ਢੰਗ ਨਾਲ ਨਾ ਬਦਲੇ ਜਾਣ ਉੱਤੇ 3.10 ਲੱਖ ਰੁਪਏ ਹਰਜਾਨਾ ਦੇਣ ਦਾ ਫੈਸਲਾ ਸੁਣਾਇਆ ਹੈ।

ਅੰਮ੍ਰਿਤਸਰ ਦੀ ਵਸਨੀਕ 78 ਸਾਲਾ ਕੁਲਵੰਤ ਕੌਰ ਨੇ ਫੋਰਮ ਕੋਲ ਸ਼ਿਕਾਇਤ ਕੀਤੀ ਸੀ ਕਿ ਉਸ ਨੇ ਜਲੰਧਰ ਦੇ ਆਰਥੋਨੋਵਾ ਹਸਪਤਾਲ ਤੋਂ ਡਾਕਟਰ ਹਰਪ੍ਰੀਤ ਸਿੰਘ ਤੋਂ ਦੋਵੇਂ ਗੋਡੇ ਬਦਲਵਾਏ ਸਨ। ਉਨ੍ਹਾਂ ਦਾ ਖਰਚਾ ਤਿੰਨ ਲੱਖ ਰੁਪਏ ਆਇਆ ਸੀ। ਡਾਕਟਰ ਵੱਲੋਂ ਦੱਸੀ ਐਕਸਰਸਾਈਜ਼ ਵੀ ਕਰਦੀ ਰਹੀ, ਇਸ ਦੇ ਬਾਵਜੂਦ ਉਸ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।ਜਦੋਂ ਉਸ ਨੇ ਅੰਮ੍ਰਿਤਸਰ ਵਿੱਚ ਦੋ ਡਾਕਟਰਾਂ ਨੂੰ ਗੋਡੇ ਦਿਖਾਏ ਤਾਂ ਉਨ੍ਹਾਂ ਦੱਸਿਆ ਕਿ ਆਪਰੇਸ਼ਨ ਸਹੀ ਢੰਗ ਨਾਲ ਨਹੀਂ ਹੋਇਆ। ਦੋਵਾਂ ਡਾਕਟਰਾਂ ਦੀ ਸਲਾਹ ਸੀ ਕਿ ਦੋਵਾਂ ਗੋਡਿਆਂ ਦਾ ਆਪਰੇਸ਼ਨ ਫਿਰ ਕਰਨਾ ਪਵੇਗਾ। ਉਸ ਨੂੰ ਕਾਫੀ ਦਰਦ ਸੀ ਤੇ ਚੱਲਣ-ਫਿਰਨ ਤੋਂ ਅਸਮਰੱਥ ਸੀ, ਇਸ ਲਈ ਉਹ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਹੋ ਗਈ ਤੇ ਉਥੇ ਉਸ ਦੇ ਗੋਡੇ ਬਦਲਣ ਨਾਲ ਉਸ ਨੂੰ ਕਾਫੀ ਰਾਹਤ ਮਿਲੀ। ਫੋਰਮ ਨੇ ਫੈਸਲਾ ਸੁਣਾਉਂਦਿਆਂ ਜਿੱਥੇ ਹਸਪਤਾਲ ਨੂੰ ਤਿੰਨ ਲੱਖ ਰੁਪਏ ਵਾਪਸ ਕਰਨ ਦਾ ਹੁਕਮ ਸੁਣਾਇਆ, ਉਥੇ ਬਜ਼ੁਰਗ ਔਰਤ ਨੂੰ ਕੇਸ ਲੜਨ ਦੇ ਸੱਤ ਹਜ਼ਾਰ ਰੁਪਏ ਦੇਣ ਲਈ ਹਦਾਇਤਾਂ ਜਾਰੀ ਕੀਤੀਆਂ ਹਨ। ਨਾਲ ਹੀ ਤਿੰਨ ਹਜ਼ਾਰ ਰੁਪਏ ਫੋਰਮ ਦੇ ਖਾਤੇ ਵਿੱਚ ਜਮ੍ਹਾਂ ਕਰਾਉਣ ਲਈ ਵੀ ਕਿਹਾ ਹੈ।ਆਰਥੋਨੋਵਾ ਹਸਪਤਾਲ ਦੇ ਡਾਕਟਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਕਤ ਬਜ਼ੁਰਗ ਔਰਤ ਅਤੇ ਉਸ ਦੇ ਪੁੱਤਰ ਨੂੰ ਪਹਿਲਾਂ ਹਸਪਤਾਲ ਵਿਚ ਸਹੂਲਤਾਂ ਦਿਖਾਈਆਂ ਸਨ। ਇਲਾਜ ਦੌਰਾਨ ਮਰੀਜ਼ ਨੇ ਕਿਹਾ ਕਿ ਉਹ ਠੀਕ ਮਹਿਸੂਸ ਕਰਦੇ ਹਨ। ਜਦੋਂ ਹਸਪਤਾਲ ਵਿਚੋਂ ਗਏ ਤਾਂ ਚੱਲ ਕੇ ਗਏ ਸਨ। ਮਰੀਜ਼ ਨੂੰ ਛੁੱਟੀ ਦੇਣ ਵੇਲੇ ਦੱਸਿਆ ਸੀ ਕਿ ਉਨ੍ਹਾਂ ਕਿਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਹੈ। ਡਾਕਟਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਸ ਨੂੰ ਗੋਡੇ ਬਦਲਣ ਦਾ ਲੰਬਾ ਤਜਰਬਾ ਹੈ ਤੇ ਉਸ ਵੱਲੋਂ ਕੀਤੇ ਆਪਰੇਸ਼ਨ 96 ਫੀਸਦੀ ਕਾਮਯਾਬ ਹੋਏ ਹਨ।

## ਬੇਟੇ ਦੀ ਮੌਤ ਦੇ ਗ਼ਮ ਵਿੱਚ 51 ਸਾਲਾ ਔਰਤ ਨੇ ਫਾਹਾ ਲੈ ਲਿਆ

ਸ਼ਾਹਕੋਟ, 5 ਮਈ (ਪੋਸਟ ਬਿਊਰੋ)- ਨੇੜਲੇ ਪਿੰਡ ਤਲਵੰਡੀ ਸੰਘੇੜਾ ਵਿੱਚ ਸੋਮਵਾਰ ਰਾਤ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਸ਼ਾਹਕੋਟ ਦੇ ਨੇਤਾ ਦੀ 51 ਸਾਲਾ ਪਤਨੀ ਵੀਨਾ ਰਾਣੀ ਨੇ ਆਪਣੇ ਘਰ ਕਮਰੇ ਵਿੱਚ ਫਾਹਾ ਲਾ ਕੇ ਜਾਨ ਦੇ ਦਿੱਤੀ ਹੈ। ਦੋ ਮਹੀਨੇ ਪਹਿਲਾਂ ਉਸ ਦੇ ਬੇਟੇ ਦੀ ਸਿੰਘੂ ਬਾਰਡਰ ਉੱਤੇ ਚੱਲਦੇ ਕਿਸਾਨ ਅੰਦੋਲਨ ਤੋਂ ਮੁੜਦੇ ਸਮੇਂ ਗੋਰਾਇਆ ਨੇੜੇ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ। ਉਸ ਦਿਨ ਤੋਂ ਉਹ ਬੇਟੇ ਦੇ ਗ਼ਮ ਵਿੱਚ ਸੀ।

ਵੀਨਾ ਰਾਣੀ ਦੇ ਪਤੀ ਕੁਲਦੀਪ ਰਾਏ ਨੇ ਦੱਸਿਆ ਕਿ ਉਹ ਪਿੰਡ ਦੇ ਨੇੜੇ ਬੈਂਕ ਵਿੱਚ ਗਾਰਡ ਹੈ। ਰਾਤ ਖਾਣਾ ਖਾਣ ਪਿੱਛੋਂ ਉਹ ਡਿਊਟੀ ਉੱਤੇ ਚਲਾਗਿਆ ਸੀ। ਪਤਨੀ ਅਤੇ ਬੇਟਾ ਅਮਨਦੀਪ ਸ਼ਰਮਾ ਘਰ ਦੇ ਵਿਹੜੇ ਵਿੱਚ ਸੌਂ ਗਏ। ਸਵੇਰੇ ਕਰੀਬ ਪੰਜ ਵਜੇ ਉਹ ਵਾਪਸ ਆਇਆ ਤਾਂ ਬੇਟੇ ਨੇ ਦਰਵਾਜ਼ਾ ਖੋਲ੍ਹਿਆ। ਪਤਨੀ ਨੂੰ ਆਵਾਜ਼ ਦਿੱਤੀ ਤਾਂ ਜਵਾਬ ਨਹੀਂ ਮਿਲਿਆ। ਅੰਦਰ ਜਾ ਕੇ ਦੇਖਿਆ ਤਾਂ ਪਤਨੀ ਛੱਤ ਦੇ ਗਾਰਡਰ ਨਾਲ ਫਾਹਾ ਲਾ ਚੁੱਕੀ ਸੀ। ਉਸ ਨੇ ਦੱਸਿਆ ਕਿ ਵੀਨਾ ਬੇਟੇ ਸੰਦੀਪ ਦੀ ਮੌਤ ਦੇ ਬਾਅਦ ਗ਼ਮ ਵਿੱਚ ਸੀ। ਇਸ ਦੀ ਸੂਚਨਾ ਤਲਵੰਡੀ ਸੰਘੇੜਾ ਪੁਲਸ ਨੂੰ ਦਿੱਤੀ ਤਾਂ ਏ ਐਸ ਆਈ ਸਲਿੰਦਰ ਸਿੰਘ ਮੌਕੇ ਉੱਤੇ ਪਹੁੰਚੇ। ਮ੍ਰਿਤਕਾ ਦੇ ਪਤੀ ਦੇ ਬਿਆਨ ਉੱਤੇ ਧਾਰਾ 174 ਦੀ ਕਾਰਵਾਈ ਕੀਤੀ ਗਈ ਹੈ।

## ਅਕਾਲੀ ਆਗੂ ਵੱਲੋਂ ਟੈਂਕੀ ਤੋਂ ਛਾਲ ਮਾਰ ਕੇ ਖੁਦਕੁਸ਼ੀ

ਰਾਏਕੋਟ, 5 ਮਈ (ਪੋਸਟ ਬਿਊਰੋ)- ਸੀਨੀਅਰ ਅਕਾਲੀ ਆਗੂ ਗੁਰਦੇਵ ਸਿੰਘ ਕਾਲਸਾਂ (80) ਨੇ ਕੱਲ੍ਹ ਸਵੇਰੇ ਪਿੰਡ ਕਾਲਸਾਂ ਤੋਂ ਜਲਾਲਦੀਵਾਲ ਵਾਲੀ ਸੜਕ ਉੱਤੇ ਪਾਣੀ ਵਾਲੀ ਟੈਂਕੀ ਤੋਂ ਛਾਲ ਮਾਰ ਕੇ ਜਾਨ ਦੇ ਦਿੱਤੀ।

ਮਿਲੀ ਜਾਣਕਾਰੀ ਮੁਤਾਬਕ ਜਥੇਦਾਰ ਕਾਲਸਾਂ ਪੌਣੇ ਸੱਤ ਵਜੇ ਦੇ ਕਰੀਬ ਘਰੋਂ ਸੈਰ ਕਰਨ ਲਈ ਜਲਾਲਦੀਵਾਲ ਨੂੰ ਜਾਂਦੀ ਲਿੰਕ ਸੜਕ ਵੱਲ ਗਏ ਸਨ। ਉਨ੍ਹਾਂ ਨੇ ਇਸੇ ਸੜਕ ਉੱਤੇ ਬਣੀ ਪਿੰਡ ਕਾਲਸਾਂ ਦੀ ਪਾਣੀ ਦੀ ਟੈਂਕੀ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਹੈ। ਸੂਚਨਾ ਮਿਲਦੇ ਸਾਰ ਥਾਣਾ ਸਦਰ ਦੇ ਇੰਚਾਰਜ ਅਜੈਬ ਸਿੰਘਉਥੇ ਪੁੱਜੇ। ਇਸ ਬਾਰੇ ਪੁਲਸ ਚੌਕੀ ਜਲਾਲਦੀਵਾਲ ਦੇ ਇੰਚਾਰਜ ਗੁਰਸੇਵਕ ਸਿੰਘ ਨੇ ਦੱਸਿਆ ਕਿ ਖੁਦਕੁਸ਼ੀ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ, ਪਰ ਜਥੇਦਾਰ ਦੀ ਨੂੰਹ ਹਰਿੰਦਰ ਕੌਰ ਦੇ ਬਿਆਨਾਂ ਉੱਤੇ 174 ਦੀ ਕਾਰਵਾਈ ਕੀਤੀ ਗਈ ਹੈ।




ਡਰਾਈਵਰਾਂ ਦੀ ਲੋੜ

ਰੰਗੀ ਬ੍ਰਦਰ ਲੌਜਿਸਟਿਕਸ ਕੈਲੇਡਨ ਤੋਂ ਸਾਊਥ ਵੈਸਟ ਲੌਂਗਹੌਲ ਰਨ ਵਾਸਤੇ ਓਹਾਇਓ, ਜੌਰਜੀਆ ਲਈ ਡਰਾਈਵਰ ਹਾਇਰ ਕਰ ਰਹੇ ਹਨ।

*58 ਸੈਂਟ ਪ੍ਰਤੀ ਮਾਈਲ *ਆਟੋਮੈਟਿਕ ਟਰੱਕ *ਘੱਟ ਤੋਂ ਘੱਟ 1 ਸਾਲ ਦਾ ਤਜ਼ਰਬਾ

ਜ਼ਿਆਦਾ ਜਾਣਕਾਰੀ ਲਈ ਜਗਜੀਤ ਢੀਂਡਸਾ ਨਾਲ ਸੰਪਰਕ ਕਰੋ

647-960-7989

# ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਤੋਂ 50 ਕਰੋੜ ਦੀ ਫਿਰੌਤੀ ਮੰਗੀ ਗਈ

### * ਪੈਸੇ ਨਾ ਦਿੱਤੇ ਤਾਂ ਗੁਰੂ ਘਰ ਨੂੰ ਉਡਾ ਦੇਣ ਦੀ ਧਮਕੀ

ਅੰਮ੍ਰਿਤਸਰ, 5 ਮਈ (ਪੋਸਟ ਬਿਊਰੋ)- ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਪੱਤਰ ਭੇਜ ਕੇ ਪੰਜਾਹ ਕਰੋੜ ਰੁਪਏ ਦੀ ਫਿਰੌਤੀ ਮੰਗੀ ਅਤੇ ਫਿਰੌਤੀ ਦੀ ਰਕਮ ਨਾ ਦੇਣ ਉੱਤੇ ਇੱਕ ਮਹੀਨੇ ਵਿੱਚ ਗੁਰਦੁਆਰਾ ਬਾਲ ਲੀਲ੍ਹਾ ਨੂੰ ਉਡਾ ਦੇਣ ਦੀ ਧਮਕੀ ਦਿੱਤੀ ਗਈ ਹੈ। ਪ੍ਰਬੰਧਕੀ ਬੋਰਡ ਨੇ ਇਹ ਧਮਕੀ ਪੱਤਰ ਪੁਲਸ ਨੂੰ ਸੌਂਪ ਦਿੱਤਾ ਹੈ।



ਮਿਲੀ ਜਾਣਕਾਰੀ ਅਨੁਸਾਰ ਪੱਤਰ ਭੇਜਣ ਵਾਲੇ ਵਿਅਕਤੀ ਨੇ ਪੱਤਰ ਵਿੱਚ ਆਪਣਾ ਨਾਂਅ ਰੰਜਨ ਕੁਮਾਰ ਅਤੇ ਪਤਾ ਮਹਾਤਮਾ ਗਾਂਧੀ ਨਗਰ ਪਟਨਾ ਲਿਖਿਆ ਹੈ। ਇਹ ਪੱਤਰ ਡਾਕ ਰਾਹੀਂ ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਜਨਰਲ ਸਕੱਤਰ ਦੇ ਨਾਂਅਭੇਜਿਆ ਗਿਆ ਹੈ। ਪ੍ਰਬੰਧਕੀ ਬੋਰਡ ਦੇ ਪ੍ਰਸ਼ਾਸਕ ਜਗਜੀਤ ਸਿੰਘ ਜੱਗੀ ਨੇ ਦੱਸਿਆ ਕਿ ਪੱਤਰ ਮਿਲਣ ਤੋਂ ਬਾਅਦ ਪੁਲਸ ਨੂੰ ਸ਼ਿਕਾਇਤ ਦਰਜ ਕਰਵਾ ਕੇ ਲੋੜੀਂਦੀ ਕਾਰਵਾਈ ਦੀ ਮੰਗ ਕੀਤੀ ਗਈ ਹੈ। ਪਤਾ ਲੱਗਾ ਹੈ ਕਿ ਕੁਝ ਸਾਲ ਪਹਿਲਾਂ ਵੀ ਫੋਨ ਰਾਹੀਂ ਅਜਿਹੀ ਧਮਕੀ ਦਿੱਤੀ ਗਈ ਸੀ। ਤਖਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੇ ਕਿਹਾ ਕਿ ਪੁਲਸ ਮੁਤਾਬਕ ਧਮਕੀ ਪੱਤਰ ਦੇਣ ਵਾਲਾ ਵਿਅਕਤੀ ਡੀ ਐਮ ਦਫਤਰ ਦਾ ਮੁਲਾਜ਼ਮ ਹੈ ਤੇ ਉਸ ਨੇ ਪੁਲਸ ਨੂੰ ਦੱਸਿਆ ਹੈ ਕਿ ਉਸ ਨੂੰ ਨਾ ਇਸ ਧਮਕੀ ਪੱਤਰ ਬਾਰੇ ਕੁਝ ਪਤਾ ਹੈ ਅਤੇ ਨਾ ਉਹ ਇਹ ਜਾਣਦਾ ਹੈ ਕਿ ਉਸ ਦੇ ਨਾਮ ਅਤੇ ਟੈਲੀਫੋਨ ਨੰਬਰ ਦੀ ਵਰਤੋਂ ਕਿਵੇਂ ਹੋਈ ਹੈ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਭਰੋਸਾ ਦਿੱਤਾ ਹੈ ਕਿ ਧਮਕੀ ਦੇਣ ਵਾਲੇ ਦਾ ਜਲਦੀ ਪਤਾ ਲਾ ਕੇ ਪੁਲਸ ਕਾਰਵਾਈ ਕਰੇਗੀ। ਉਨ੍ਹਾਂ ਦੱਸਿਆ ਕਿ ਬਿਹਾਰ ਸਰਕਾਰ ਵੱਲੋਂ ਉਨ੍ਹਾਂ ਨੂੰ ਪੂਰੀ ਸੁਰੱਖਿਆ ਦਿੱਤੀ ਗਈ ਹੈ।

# ਦਿੱਲੀ ਸਰਕਾਰ ਦੀਆਂ ਤਾਕਤਾਂ ਘਟਾਉਣ ਦੇ ਕੇਸ ’ਚ ਕੇਂਦਰ ਸਰਕਾਰ ਦੀ ਜਵਾਬ-ਤਲਬੀ




ਨਵੀਂ ਦਿੱਲੀ, 5 ਮਈ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਇੱਕ ਸੁਣਵਾਈ ਵੇਲੇ ਕੇਂਦਰ ਸਰਕਾਰ ਨੂੰ ਦਿੱਲੀ ਕੌਮੀ ਰਾਜਧਾਨੀ ਪ੍ਰਦੇਸ਼ (ਸੋਧ) ਐਕਟ 2021 ਦੇ ਖਿਲਾਫ ਦਾਇਰ ਪਟੀਸ਼ਨ ਉੱਤੇ ਆਪਣਾ ਪੱਖ ਪੇਸ਼ ਕਰਨ ਲਈ ਕਿਹਾ ਹੈ। ਦਿੱਲੀ ਰਾਸ਼ਟਰੀ ਰਾਜਧਾਨੀ ਪ੍ਰਦੇਸ਼ (ਸੋਧ) ਐਕਟ ਦੇ ਅਮਲ ਵਿੱਚ ਆਉਣ ਮਗਰੋਂ ਦਿੱਲੀ ਵਿਖੇ ‘ਸਰਕਾਰ' ਦਾ ਮਤਲਬ ‘ਲੈਫਟੀਨੈਂਟ ਗਵਰਨਰ' ਬਣ ਗਿਆ ਹੈ। ਗ੍ਰਹਿ ਮੰਤਰਾਲੇ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਐਕਟ ਦੀਆਂ ਧਾਰਾਵਾਂ 27 ਅਪ੍ਰੈਲ ਤੋਂ ਲਾਗੂ ਹੋ ਗਈਆਂ ਹਨ। ਕੇਸ ਦੀ ਅਗਲੀ ਸੁਣਵਾਈ ਚਾਰ ਜੂਨ ਨੂੰ ਹੋਵੇਗੀ।

ਕਾਨੂੰਨ ਦੇ ਵਿਦਿਆਰਥੀ ਸ੍ਰੀਕਾਂਤ ਪ੍ਰਸਾਦ ਵੱਲੋਂ ਦਾਇਰ ਪਟੀਸ਼ਨ ਵਿੱਚ ਦਲੀਲ ਦਿੱਤੀ ਗਈ ਹੈ ਕਿ ਸੋਧੇ ਹੋਏ ਕਾਨੂੰਨ ਨਾਲ ਦਿੱਲੀ ਦੇ ‘ਪ੍ਰਭਾਵਸ਼ਾਲੀ ਵਿਕਾਸ ਕਾਰਜਾਂ' ਵਿੱਚ ਬੇਲੋੜਾ ਅੜਿੱਕਾ ਪਏਗਾ। ਪ੍ਰਸਾਦ ਨੇ ਕਿਹਾ ਕਿ ਨਵਾਂ ਕਾਨੂੰਨ ਦਿੱਲੀ ਦੇ ਮੁੱਖ ਮੰਤਰੀ ਦੀਆਂ ਸ਼ਕਤੀਆਂ ਖੋਹਣ ਵਾਲਾ ਤੇ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਬੇਲੋੜਾ ਦਖਲ ਹੈ। ਇਸ ਸੋਧੇ ਹੋਏ ਕਾਨੂੰਨ ਮੁਤਾਬਕ ਦਿੱਲੀ ਦੀ ਵਿਧਾਨ ਸਭਾ ਵੱਲੋਂ ਬਣਾਏ ਜਾਣ ਵਾਲੇ ਕਿਸੇ ਵੀ ਕਾਨੂੰਨ ਵਿੱਚ ‘ਸਰਕਾਰ' ਦਾ ਅਰਥ ‘ਲੈਫਟੀਨੈਂਟ ਗਵਰਨਰ’ ਹੋਵੇਗਾ। ਕੇਂਦਰ ਸਰਕਾਰ ਨੇ ਕੋਰੋਨਾ ਕਰ ਕੇ ਵਿਗੜ ਰਹੇ ਹਾਲਾਤ ਦੌਰਾਨ 27 ਅਪ੍ਰੈਲ ਨੂੰ ਦਿੱਲੀ ਵਿੱਚ ਜੀ ਐਨ ਟੀ ਸੀ ਡੀ ਐਕਟ ਲਾਗੂ ਕਰਨ ਲਈ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਇਸ ਦੇ ਨੋਟੀਫਿਕੇਸ਼ਨ ਵਿੱਚ ਲਿਖਿਆ ਹੈ ਕਿ ‘ਰਾਸ਼ਟਰੀ ਰਾਜਧਾਨੀ ਰਾਜ ਸਰਕਾਰ ਦਿੱਲੀ (ਸੋਧ) ਐਕਟ 2021 ਨੂੰ 27 ਅਪ੍ਰੈਲ ਤੋਂ ਲਾਗੂ ਕੀਤਾ ਗਿਆ ਹੈ। ਅੱਗੇ ਤੋਂ ਦਿੱਲੀ ਵਿੱਚ ਸਰਕਾਰ ਦੇ ਅਰਥ ਲੈਫਟੀਨੈਂਟ ਗਵਰਨਰ ਹਨ। ਜੀ ਐਨ ਸੀ ਟੀ ਡੀ ਸੋਧ ਐਕਟ ਵਿੱਚ ਲੈਫਟੀਨੈਂਟ ਗਵਰਨਰ ਨੂੰ ਸੰਵਿਧਾਨ ਦੀ ਧਾਰਾ 239ਏ ਦੀ ਧਾਰਾ ਚਾਰ ਹੇਠ ਸੌਂਪੀ ਗਈ ਸ਼ਕਤੀ ਨੂੰ ਮਾਮਲਿਆਂ ਦੀ ਚੁਣੀ ਸ਼੍ਰੇਣੀ ਵਿੱਚ ਵਰਤਣ ਦਾ ਮੌਕਾ ਦਿੱਤਾ ਜਾ ਸਕਦਾ ਹੈ। ਕਾਨੂੰਨ ਦੇ ਉਦੇਸ਼ ਦੱਸਦੇ ਹਨ ਕਿ ਉਕਤ ਕਾਨੂੰਨ ਵਿਧਾਨ ਸਭਾ ਤੇ ਕਾਰਜਕਾਰਨੀ ਵਿਚਾਲੇ ਸੁਹਿਰਦ ਸੰਬੰਧਾਂ ਨੂੰ ਉਤਸ਼ਾਹਤ ਕਰੇਗਾ ਅਤੇ ਦਿੱਲੀ ਦੀ ਰਾਸ਼ਟਰੀ ਰਾਜਧਾਨੀ ਪ੍ਰਦੇਸ਼ ਦੀ ਸ਼ਾਸਨ ਸੰਵਿਧਾਨਕ ਯੋਜਨਾ ਅਨੁਸਾਰ ਚੁਣੀ ਹੋਈ ਸਰਕਾਰ ਤੇ ਗਵਰਨਰਾਂ ਦੀਆਂ ਜ਼ਿੰਮੇਵਾਰੀਆਂ ਨੂੰ ਪਰਿਭਾਸ਼ਿਤ ਕਰੇਗਾ।

# ਗੂਗਲ ਦੇ ਮੁਖੀ ਸੁੰਦਰ ਪਿਚਾਈ ਮੁਤਾਬਕ ਭਾਰਤ ਵਿੱਚ ਹਾਲੇ ਕੋਰੋਨਾ ਦਾ ਬੁਰਾ ਦੌਰ ਆਉਣਾ ਬਾਕੀ



ਨਵੀਂ ਦਿੱਲੀ , 5 ਮਈ (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਬਾਰੇਸੰਸਾਰਪੱਧਰ ਉੱਤੇ ਚਰਚਾ ਦੌਰਾਨ ਗੂਗਲ ਦੇ ਸੀ ਈ ਓ ਸੁੰਦਰ ਪਿਚਾਈ ਨੇ ਇੱਕ ਮੀਡੀਆ ਇੰਟਰਵਿਊ ਵਿੱਚ ਕਿਹਾ ਕਿ ਅਜੇ ਭਾਰਤ ਵਿੱਚ ਕੋਰੋਨਾ ਦਾ ਸਭ ਤੋਂ ਬੁਰਾ ਦੌਰ ਆਉਣਾ ਬਾਕੀ ਹੈ। ਉਨ੍ਹਾਂ ਦੀ ਇਸ ਗੱਲ ਨੇ ਸਭ ਦਾ ਧਿਆਨ ਖਿੱਚਿਆ ਹੈ।

ਸੁੰਦਰ ਪਿਚਾਈ ਨੇ ਕਿਹਾ ਕਿ ਭਾਰਤ ਵਿੱਚ ਇਸ ਸਮੇਂ ਹਾਲਾਤ ਦਿਲ ਦਹਿਲਾਉਣ ਵਾਲੇ ਹਨ। ਉਨ੍ਹਾਂ ਨੇ ਕੋਰੋਨਾ ਦੇ ਭਿਆਨਕ ਦੌਰ ਵਿੱਚ ਅਮਰੀਕਾ ਵੱਲੋਂ ਭਾਰਤ ਨੂੰ ਦਿੱਤੀ ਮੱਦਦ ਦੀ ਚਰਚਾ ਕੀਤੀ ਤੇ ਕਿਹਾ ਕਿ ਇਹ ਦੇਖਣਾ ਸੁਖਦਾਈ ਹੈ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਭਾਰਤ ਦੇ ਹਾਲਤ ਉੱਤੇ ਧਿਆਨ ਦੇ ਰਹੇ ਹਨ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਨੇ ਕਿਹਾ ਕਿ ਸਾਡੀ ਕੰਪਨੀ ਦਾ ਸਭ ਤੋਂ ਵੱਡਾ ਫੋਕਸ ਲੋਕਾਂ ਵਿਚਾਲੇ ਸਹੀ ਜਾਣਕਾਰੀ ਪੁਚਾਉਣ ਦਾ ਹੈ।ਉਨ੍ਹਾਂ ਨੇ ਕਿਹਾ ਕਿ ਇੱਕ ਭਾਰਤੀ-ਅਮਰੀਕੀ ਨੇ ਕਿਹਾ ਹੈ ਕਿ ਇਸ ਸਮੇਂ ਸਿਰਫ਼ ਅਮਰੀਕਾ ਕੋਲ ਇਹ ਸਮਰੱਥਾ ਹੈ ਕਿ ਉਹ ਭਾਰਤ ਦੀਆਂ ਮੁਸ਼ਕਲਾਂ ਨੂੰ ਆਸਾਨ ਕਰ ਸਕੇ। ਪਿਚਾਈ ਨੂੰ ਇਹ ਪੁੱਛਣ ਉੱਤੇ ਕਿ ਤੁਸੀਂ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੂੰ ਕੀ ਸਲਾਹ ਦਿੱਤੀ ਹੈ, ਉਨ੍ਹਾਂ ਨੇ ਕਿਹਾ ਕਿ ਵੈਕਸੀਨ ਪ੍ਰੋਡਕਸ਼ਨ ਤੇ ਸਪਲਾਈ ਲਈ ਬਹੁਤ ਕੁਝ ਕੀਤਾ ਜਾ ਸਕਦਾ ਹੈ। ਆਕਸੀਜਨ ਕੰਸਨਟ੍ਰੇਨਰ ਸਮੇਤ ਹੋਰ ਕਈ ਜ਼ਰੂਰੀ ਮੈਡੀਕਲ ਯੰਤਰਾਂ ਦੀ ਸਪਲਾਈ ਭਾਰਤ ਨੂੰ ਕੀਤੀ ਵੀ ਗਈ ਹੈ। ਉਨ੍ਹਾਂ ਨੇ ਇਸ ਸੰਬੰਧ ਵਿੱਚ ਹੋਰ ਹਵਾਲੇ ਵੀ ਦਿੱਤੇ।

# ਬੰਗਾਲ ਹਿੰਸਾ ਬਾਰੇ ਭਾਜਪਾ ਪਾਰਲੀਮੈਂਟ ਮੈਂਬਰ ਵੱਲੋਂ ਮਮਤਾ ਬੈਨਰਜੀ ਨੂੰ ਧਮਕੀ





ਨਵੀਂ ਦਿੱਲੀ, 5 ਮਈ (ਪੋਸਟ ਬਿਊਰੋ)- ਭਾਜਪਾ ਦੇ ਦਿੱਲੀ ਤੋਂ ਲੋਕ ਸਭਾ ਮੈਂਬਰ ਪ੍ਰਵੇਸ਼ ਸਿੰਘ ਵਰਮਾ ਨੇ ਪੱਛਮੀ ਬੰਗਾਲ ਦੇ ਚੋਣ ਨਤੀਜਿਆਂ ਮਗਰੋਂ ਭੜਕੀ ਹਿੰਸਾ ਕਾਰਨ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਨੂੰ ਅਸਿੱਧੇ ਢੰਗ ਨਾਲ ਧਮਕੀ ਦਿੱਤੀ ਅਤੇ ਚਿਤਾਵਨੀ ਦੇ ਲਹਿਜ਼ੇ ਵਿੱਚ ਕਿਹਾ: ਤ੍ਰਿਣਮੂਲ ਕਾਂਗਰਸ ਦੇ ਪਾਰਲੀਮੈਂਟ ਮੈਂਬਰ, ਮੁੱਖ ਮੰਤਰੀ ਤੇ ਉਥੋਂ ਦੇ ਵਿਧਾਇਕ ਯਾਦ ਰੱਖਣ ਕਿ ਉਨ੍ਹਾਂ ਦਿੱਲੀ ਆਉਣਾ ਹੈ ਤੇ ਇਸ ਨੂੰ ਚਿਤਾਵਨੀ ਵਜੋਂ ਲਿਆ ਜਾਵੇ। ਵਰਮਾ ਨੇ ਸਖਤ ਸੁਰ ਵਿੱਚ ਕਿਹਾ ਕਿ ਚੋਣਾਂ ਦੌਰਾਨ ਹਾਰ-ਜਿੱਤ ਹੁੰਦੀ ਹੈ, ਪਰ ਕਤਲ ਨਹੀਂ। ਉਨ੍ਹਾਂ ਕਿਹਾ ਕਿ ਟੀ ਐਮ ਸੀ ਦੇ ਗੁੰਡੇ ਬੰਗਾਲ ਵਿੱਚ ਆਪਣੀ ਜਿੱਤ ਮਗਰੋਂ ਭਾਜਪਾ ਵਰਕਰਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਵਰਮਾ ਨੇ ਬਿਆਨ ਵਿੱਚ ਕਿਹਾ, ‘‘ਮੈਂ ਮਮਤਾ ਬੈਨਰਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਪੱਛਮੀ ਬੰਗਾਲ ਵਿੱਚ ਹਿੰਸਾ ਨੂੰ ਰੋਕਣ। ਟੀ ਐਮ ਸੀ ਆਗੂਆਂ ਨਾਲ ਯੂ ਪੀ ਅਤੇ ਬਿਹਾਰ ਵਿੱਚ ਅਜਿਹਾ ਵਰਤਾਓ ਹੋਵੇ ਤਾਂ ਉਹ ਕਿਸ ਤਰ੍ਹਾਂ ਮਹਿਸੂਸ ਕਰਨਗੇ? ਮੈਂ ਟੀ ਐਮ ਸੀ ਵਿਧਾਇਕਾਂ ਅਤੇ ਪਾਰਲੀਮੈਂਟ ਮੈਂਬਰਾਂ ਨੂੰ ਆਖਦਾ ਹਾਂ ਕਿ ਉਹ ਆਪਣੀ ਹੱਦ ਵਿੱਚ ਰਹਿਣ।''

# ਪ੍ਰਧਾਨ ਮੰਤਰੀ ਲਈ ਸੈਂਟਰਲ ਵਿਸਟਾ ਬਣਦਾ ਰੋਕਣ ਲਈ ਦਿੱਲੀ ਹਾਈ ਕੋਰਟ ਵਿੱਚ ਪਟੀਸ਼ਨ ਦਾਖ਼ਲ

ਨਵੀਂ ਦਿੱਲੀ, 5 ਮਈ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਵਿੱਚ ਇੱਕ ਜਨਹਿੱਤ ਪਟੀਸ਼ਨ ਰਾਹੀਂ ਕੋਰੋਨਾ ਵਾਇਰਸ ਦੀ ਮਾਰ ਦੇ ਦੌਰਾਨ ਕੇਂਦਰ ਸਰਕਾਰ ਨੂੰ ਸੈਂਟਰਲ ਵਿਸਟਾ ਐਵੇਨਿਊ ਵਿਕਾਸ ਪ੍ਰਾਜੈਕਟ ਦਾ ਕੰਮ ਰੋਕਣ ਦਾ ਨਿਰਦੇਸ਼ ਦੇਣ ਦੀ ਅਪੀਲ ਕੀਤੀ ਗਈ। ਚੀਫ਼ ਜਸਟਿਸ ਡੀ ਐਨ ਪਟੇਲ ਅਤੇ ਜੱਜ ਜਸਮੀਤ ਸਿੰਘ ਦੇ ਬੈਂਚ ਦੇ ਸਾਹਮਣੇ ਕੇਂਦਰ ਸਰਕਾਰ ਨੇ ਇਸ ਜਨਹਿੱਤ ਪਟੀਸ਼ਨ ਦਾ ਵਿਰੋਧ ਕੀਤਾ ਹੈ।



ਅਦਾਲਤ ਨੇ ਮੁੱਢਲੀ ਸੁਣਵਾਈ ਕਰਨ ਪਿੱਛੋਂ ਕਿਹਾ ਕਿ ਪਹਿਲਾਂ ਉਹ ਇਸ ਬਾਰੇ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਅਧਿਐਨ ਕਰਨਾ ਚਾਹੁੰਦੇ ਹਨ ਕਿ ਉਸ ਨੇ ਪ੍ਰਾਜੈਕਟ ਨੂੰ ਮਨਜ਼ੂਰੀ ਦਿੰਦੇ ਹੋਏ ਕੀ ਫ਼ੈਸਲਾ ਦਿੱਤਾ ਸੀ। ਇਸ ਟਿੱਪਣੀ ਨਾਲ ਅਦਾਲਤ ਨੇ ਕੇਸਮੁਲਤਵੀ ਕਰ ਦਿੱਤਾ ਤੇ ਸੁਣਵਾਈ ਦੀ ਅਗਲੀ ਤਾਰੀਖ਼ 17 ਮਈ ਰੱਖੀ ਹੈ। ਹਾਊਸਿੰਗ ਤੇ ਕੇਂਦਰੀ ਲੋਕ ਨਿਰਮਾਣ ਵਿਭਾਗ ਵੱਲੋਂ ਆਏ ਕੇਂਦਰ ਸਰਕਾਰ ਦੇ ਵਕੀਲ ਅਨੁਰਾਗ ਆਹਲੂਵਾਲੀਆ ਤੇ ਐਡੀਸ਼ਨਲ ਸੋਲਿਸਟਰ ਜਨਰਲ ਚੇਤਨ ਸ਼ਰਮਾ ਨੇ ਬੈਂਚ ਨੂੰ ਕਿਹਾ ਕਿ ਸੁਣਵਾਈ ਦੀ ਅਗਲੀ ਤਰੀਕ ਤੱਕ ਜਵਾਬ ਦਿੱਤਾ ਜਾ ਸਕਦਾ ਹੈ। ਅਨੁਵਾਦਕ ਦਾ ਕੰਮ ਕਰਨ ਵਾਲੀ ਅਨਿਆ ਮਲਹੋਤਰਾ ਅਤੇ ਡਾਕਿਊਮੈਂਟਰੀ ਪ੍ਰਡਿਊਸਰ ਸੋਹੈਲ ਹਾਸ਼ਮੀ ਨੇ ਅਰਜ਼ੀ ਰਾਹੀਂ ਦਾਅਵਾ ਕੀਤਾ ਕਿ ਲਾਗ ਦੌਰਾਨ ਜੇ ਪ੍ਰਾਜੈਕਟ ਉੱਤੇ ਕੰਮ ਚਲਦਾ ਰਿਹਾ ਤਾਂ ਇਸ ਦੇ ‘ਸੁਪਰ ਸਪ੍ਰੇਡਰ’ ਬਣਨ ਦੀ ਸੰਭਾਵਨਾ ਹੈ।

# ਕੋਰੋਨਾ ਵਾਇਰਸ ਦੇ ਕਾਰਨ ਆਈ ਪੀ ਐਲ ਕ੍ਰਿਕਟ ਅਣਮਿੱਥੇ ਸਮੇਂ ਲਈ ਮੁਲਤਵੀ

ਨਵੀਂ ਦਿੱਲੀ, 5 ਮਈ (ਪੋਸਟ ਬਿਊਰੋ)- ਬਾਇਓ-ਬਬਲ ਵਿੱਚ ‘ਕੋਵਿਡ-19' ਦੇ ਵੱਧਦੇ ਕੇਸਾਂ ਤੋਂ ਬਾਅਦ ਇੰਡੀਅਨ ਪ੍ਰੀਮੀਅਰ ਲੀਗ (ਆਈ ਪੀ ਐਲ ਕ੍ਰਿਕਟ) ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ।



ਤਾਜ਼ਾ ਘਟਨਾਕ੍ਰਮ ਵਿੱਚ ਸਨਰਾਈਜ਼ਰਜ਼ ਹੈਦਰਾਬਾਦ ਦੇ ਰਿਧੀਮਾਨ ਸਾਹਾ ਤੇ ਦਿੱਲੀ ਕੈਪੀਟਲਸ ਟੀਮ ਦੇ ਅਮਿਤ ਮਿਸ਼ਰਾ ਦੇ ‘ਕੋਵਿਡ-19' ਬਾਰੇ ਨਤੀਜੇ ਪਾਜ਼ੇਟਿਵ ਆਏ ਹਨ।ਇਨ੍ਹਾਂ ਘਟਨਾਵਾਂ ਦੇ ਕਾਰਨ ਟੂਰਨਾਮੈਂਟ ਉੱਤੇ ਪੂਰੀ ਤਰ੍ਹਾਂ ਵਿਚਾਰ ਕੀਤਾ ਗਿਆ। ਸਮਝਿਆ ਜਾਂਦਾ ਹੈ ਕਿ ਕੁਝ ਆਈ ਪੀ ਐਲ ਅਧਿਕਾਰੀਆਂ ਨੇ ਕੁਝ ਫਰੈਂਚਾਇਜ਼ੀ ਨੂੰ ਟੂਰਨਾਮੈਂਟ ਦੇ ਭਵਿੱਖ ਉੱਤੇ ਉਨ੍ਹਾਂ ਦੇ ਵਿਚਾਰ ਜਾਨਣ ਲਈ ਫ਼ੋਨ ਕੀਤੇ ਤੇ ਉਨ੍ਹਾਂ ਵਿੱਚੋਂ ਕੁਝ ਦੀ ਰਾਏਹੈ ਕਿ ਇਸ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਜਾਵੇ। ਆਈ ਪੀ ਐਲ ਚੇਅਰਮੈਨ ਬ੍ਰਜੇਸ਼ ਪਟੇਲ ਨੇ ਇਸ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਏਦਾਂ ਦਾ ਫੈਸਲਾ ਸਾਰੇ ਸੰਬੰਧਤ ਲੋਕਾਂ ਦੀ ਸੁਰੱਖਿਆ ਨੂੰ ਵੇਖਦੇ ਹੋਏ ਲਿਆ ਗਿਆ ਹੈ।ਇਹ ਫੈਸਲਾ ਟੂਰਨਾਮੈਂਟ ਦੀ ਸੰਚਾਲਨ ਕੌਂਸਲ ਅਤੇ ਬੀ ਸੀ ਸੀ ਆਈ (ਭਾਰਤੀ ਕ੍ਰਿਕਟ ਕੰਟਰੋਲ ਬੋਰਡ) ਦੇ ਵੱਡੇ ਅਧਿਕਾਰੀਆਂ ਨੇ ਸਰਬਸੰਮਤੀ ਨਾਲ ਲਿਆ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਬੀ ਸੀ ਸੀ ਆਈ ਖਿਡਾਰੀਆਂ, ਸਪੋਰਟਸ ਸਟਾਫ ਅਤੇ ਆਈ ਪੀ ਐਲ ਦੇ ਪ੍ਰਬੰਧ ਵਿੱਚ ਸ਼ਾਮਲ ਹੋਰ ਹਿੱਸੇਦਾਰਾਂ ਦੀ ਸੁਰੱਖਿਆ ਬਾਰੇ ਕੋਈ ਸਮਝੌਤਾ ਨਹੀਂ ਕਰਨਾ ਚਾਹੁੰਦੀ। ‘ਕੋਵਿਡ-19' ਕਾਰਨ 2020 ਵਿੱਚ ਆਈ ਪੀ ਐਲ ਦਾ ਪ੍ਰਬੰਧ ਯੂ ਏ ਈ ਵਿੱਚ ਬਾਇਓ ਸੁਰੱਖਿਅਤ ਮਾਹੌਲ ਵਿੱਚ ਕੀਤਾ ਗਿਆ ਸੀ। ਉਦੋਂ ਸਿਰਫ਼ ਟੂਰਨਾਮੈਂਟ ਤੋਂ ਪਹਿਲਾਂ ਦੇ ਕੁਝ ਕੇਸ ਸਾਹਮਣੇ ਆਏ ਸਨ।

# ਅਮਰੀਕੀ ਸਿਹਤ ਮਾਹਰਾਂ ਨੇ ਕੋਰੋਨਾ ਨਾਲ ਨਿਪਟਣ ਵਿੱਚ ਪੂਰੇ ਸਾਧਨ ਲਾਉਣ ਨੂੰ ਕਿਹਾ

ਵਾਸ਼ਿੰਗਟਨ, 5 ਮਈ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਦੂਸਰੀ ਲਹਿਰ ਦੇ ਕਾਰਨ ਭਾਰਤ ਦੀ ਸਥਿਤੀ ਨੂੰ ਬਹੁਤ ਗੰਭੀਰ ਦੱਸਦੇ ਹੋਏ ਅਮਰੀਕਾ ਦੇ ਲੋਕ ਸਿਹਤ ਮਾਹਰ ਡਾਕਟਰ ਐਂਥਨੀ ਫੌਸੀ ਨੇ ਮਹਾਮਾਰੀ ਨਾਲ ਲੜਨ ਵਿੱਚ ਫੌਜ ਨੂੰ ਲਗਾਉਣ ਸਮੇਤ ਸਾਰੇ ਸਾਧਨ ਲਾ ਦੇਣ ਨੂੰ ਕਿਹਾ ਹੈ। ਉਨ੍ਹਾਂ ਨੇ ਤੁਰੰਤ ਅਸਥਾਈ ਹਸਪਤਾਲ ਬਣਾਉਣ ਅਤੇ ਦੂਸਰੇ ਦੇਸ਼ਾਂ ਤੋਂ ਮੈਡੀਕਲ ਸਮੱਗਰੀ ਦੇ ਨਾਲ-ਨਾਲ ਮਨੁੱਖੀ ਮੱਦਦ ਲੈਣ ਨੂੰ ਕਿਹਾ ਹੈ। ਡਾਕਟਰ ਫੌਸੀ ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਦੇ ਮੁੱਖ ਮੈਡੀਕਲ ਸਲਾਹਕਾਰ ਵੀ ਹਨ।



ਇੱਕ ਵਿਸ਼ੇਸ਼ ਇੰਟਰਵਿਊ ਵਿੱਚ ਉਨ੍ਹਾਂ ਨੇ ਰਾਸ਼ਟਰ ਪੱਧਰੀ ਲਾਕਡਾਊਨ ਲਾਉਣ ਦਾ ਵੀ ਸੁਝਾਅ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਜ਼ਰੂਰੀ ਨਹੀਂ ਕਿ ਇਹ ਲਾਕਡਾਊਨ ਛੇ ਮਹੀਨੇ ਦਾ ਹੋਵੇ, ਇਹ ਕੁਝ ਹਫਤੇ ਦਾ ਹੋ ਸਕਦਾ ਹੈ, ਪਰ ਕੋਰੋਨਾ ਦੀ ਨਿਰੰਤਰਤਾ ਅਤੇ ਪ੍ਰਸਾਰ ਰੋਕਣ ਲਈ ਇਹ ਬਹੁਤ ਜ਼ਰੂਰੀ ਹੈ। ਡਾਕਟਰ ਫਾਸੀ ਦਾ ਇਹ ਸੁਝਾਅ ਤੇ ਮੁਲਾਂਕਣ ਅਜਿਹੇ ਸਮੇਂ ਸਾਹਮਣੇ ਆਇਆ ਹੈ, ਜਦ ਭਾਰਤ ਵਿੱਚ ਕੋਰੋਨਾ ਪੀੜਤਾਂ ਦਾ ਕੁੱਲ ਅੰਕੜਾ ਦੋ ਕਰੋੜ ਨੂੰ ਪਾਰ ਕਰ ਚੁੱਕਾ ਹੈ। ਤਿੰਨ ਮਹੀਨੇ ਪਹਿਲਾਂ ਦੀ ਤੁਲਨਾ ਵਿੱਚ ਇਹ ਗਿਣਤੀ ਲਗਭਗ ਦੁੱਗਣੀ ਹੈ। ਡਾਕਟਰ ਫੌਸੀ ਨੇ ਕਿਹਾ ਕਿ ਇਹ ਦੇਖਦੇ ਹੋਏ ਕਿ ਭਾਰਤ ਵਿੱਚ ਮਹਾਮਾਰੀ ਦੇ ਕਾਰਨ ਸਥਿਤੀ ਬਹੁਤ ਖਰਾਬ ਹੈ, ਦੁਨੀਆ ਦੇ ਬਾਕੀ ਦੇਸ਼ਾਂ ਨੂੰ ਇਸ ਦੀ ਮੱਦਦ ਵਿੱਚ ਅੱਗੇ ਆਉਣਾ ਚਾਹੀਦਾ ਹੈ, ਜਿਸ ਤਰ੍ਹਾਂ ਅਮਰੀਕਾ ਮੱਦਦ ਕਰ ਰਿਹਾ ਹੈ, ਉਸੇ ਤਰ੍ਹਾਂ ਬਾਕੀ ਦੇਸ਼ਾਂ ਨੂੰ ਕਰਨਾ ਚਾਹੀਦਾ ਹੈ। ਇਸ ਦੇ ਨਾਲ ਉਨ੍ਹਾਂ ਨੇ ਟੀਕਾਕਰਨ ਵਧਾਉਣ ਦਾ ਵੀ ਸੁਝਾਅ ਦਿੱਤਾ। ਉਨ੍ਹਾਂ ਨੇ ਕਿਹਾ ਕਿ ਜਿੰਨਾ ਸੰਭਵ ਹੋ ਸਕੇ, ਵੱਧ ਤੋਂ ਵੱਧ ਲੋਕਾ ਨੂੰ ਟੀਕਾ ਲਗਾਇਆ ਜਾਣਾ ਚਾਹੀਦੈ। ਇਸ ਕੰਮ ਵਿੱਚ ਉਨ੍ਹਾਂ ਨੇ ਭਾਰਤ ਵਿੱਚ ਤਿਆਰ ਵੈਕਸੀਨ ਦੇ ਇਲਾਵਾ ਦੂਸਰੇ ਦੇਸ਼ਾਂ ਤੋਂ ਵੀ ਇਸ ਨੂੰ ਮੰਗਵਾਉਣ ਦਾ ਸੁਝਾਅ ਦਿੱਤਾ।

# ਨਿਊ ਯਾਰਕ ਵਿੱਚ ਸਿਖ ਵਿਅਕਤੀ ’ਤੇ ਗੈਰ ਗੋਰੇ ਵੱਲੋਂ ਹਮਲਾ

ਨਿਊ ਯਾਰਕ, 5 ਮਈ (ਪੋਸਟ ਬਿਊਰੋ)- ਨਿਊ ਯਾਰਕ ਦੇ ਬਰੁਕਲਿਨ ਹੋਟਲ ਵਿੱਚ ਇੱਕ ਗੈਰ ਗੋਰੇ ਹਮਲਾਵਰ ਨੇ ਸਿੱਖ ਵਿਅਕਤੀ ਉੱਤੇ ਹਥੌੜੇ ਨਾਲ ਹਮਲਾ ਕਰ ਦਿੱਤਾ ਅਤੇ ਚੀਕਦਿਆਂ ਕਿਹਾ; ‘ਮੈਂ ਤੈਨੂੰ ਪਸੰਦ ਨਹੀਂ ਕਰਦਾ', ‘ਤੇਰੀ ਚਮੜੀ ਸਾਡੇ ਵਰਗੀ ਨਹੀਂ।' ਇਸ ਹਮਲੇ ਪਿੱਛੋਂ ਨਿਊ ਯਾਰਕ ਆਧਾਰਤ ਗਰੁੱਪ ‘ਦ ਸਿੱਖ ਕੋਲੀਸ਼ਨ' ਨੇ ਮੰਗ ਕੀਤੀ ਕਿ ਘਟਨਾ ਦੀ ਜਾਂਚ ਕੀਤੀ ਜਾਵੇ ਤੇ ਦੇਖਿਆ ਜਾਵੇ ਕਿ ਕਿਤੇ ਇਹ ਨਫਰਤੀ ਹਮਲਾ ਤਾਂ ਨਹੀਂ।

ਨਿਊ ਯਾਰਕ ਡੇਅਲੀ ਦੀ ਵੈਬਸਾਈਟ ਮੁਤਾਬਕ ਸੁਮਿਤ ਆਹਲੂਵਾਲੀਆ (32) ਐਸਟੋਰੀਆ ਦਾ ਵਸਨੀਕ ਹੈ ਤੇ ਉਸ ਨੇ ਕਿਹਾ ਕਿ ਹਮਲਾਵਰ ਨਸਲੀ ਨਫਰਤ ਨਾਲ ਭਰਿਆ ਪਿਆ ਸੀ। ਸੁਮਿਤ ਨੇ ਦੱਸਿਆ ਕਿ ਘਟਨਾ 26 ਅਪ੍ਰੈਲ ਨੂੰ ਉਸ ਦੇ ਕੰਮ ਵਾਲੀ ਥਾਂ ਬਰਾਊਨਜ਼ਵਿਲੇ ਦੇ ‘ਕੁਆਲਿਟੀ ਇਨ' ਵਿੱਚ ਵਾਪਰੀ। ਹਮਲਾਵਰ ਸਵੇਰੇ ਅੱਠ ਵਜੇ ਹੋਟਲ ਦੀ ਲਾਬੀ ਵਿੱਚ ਆ ਕੇ ਚੀਕਣ ਲੱਗਾ। ਫਰੰਟ ਡੈਸਕ ਉੱਤੇ ਖੜ੍ਹੀ ਔਰਤ ਨੇ ਉਸ ਨੂੰ ਮੱਦਦ ਲਈ ਪੁੱਛਿਆ ਤਾਂ ਇਸੇ ਦੌਰਾਨ ਆਹਲੂਵਾਲੀਆ ਵੀ ਉਥੇ ਉਸ ਵਿਅਕਤੀ ਨਾਲ ਗੱਲ ਕਰਨ ਆ ਗਿਆ ਤਾਂ ਕਿ ਸੁਰੱਖਿਆ ਗਾਰਡ ਨੂੰ ਸੱਦਿਆ ਜਾ ਸਕੇ। ਸੁਮਿਤ ਮੁਤਾਬਕ ਹਮਲਾਵਰ ਉਸ ਵੱਲ ਦੌੜਿਆ ਤੇ ਜੇਬ ਵਿੱਚੋਂ ਹਥੌੜਾ ਕੱਢ ਕੇ ਜ਼ੋਰ ਨਾਲ ਉਸ ਦੇ ਸਿਰ ਵਿੱਚ ਮਾਰਿਆ। ਇਸ ਤੋਂ ਪਹਿਲਾਂ ਸਿੱਖ ਵਿਅਕਤੀ ਨੇ ਹਮਲਾਵਰ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ। ਸੁਮਿਤ ਨੇ ਇਸ ਘਟਨਾ ਤੋਂ ਬਾਅਦ ਕਿਹਾ ਕਿ ‘‘ਉਹ ਸਦਮੇ ਵਿੱਚ ਹੈ ਤੇ ਉਸ ਨੂੰ ਡਰ ਲੱਗਦਾ ਹੈ।'' ਪੁਲਸ ਨੇ ਸ਼ੱਕੀ ਦੀਆਂ ਤਸਵੀਰਾਂ ਰਿਲੀਜ਼ ਕਰ ਦਿੱਤੀਆਂ ਹਨ। ‘ਸਿੱਖ ਕੋਲੀਸ਼ਨ' ਨੇ ਆਹਲੂਵਾਲੀਆ ਨੂੰ ਕੇਸ ਲਈ ਕਾਨੂੰਨੀ ਸੇਵਾਵਾਂ ਦੇਣ ਦਾ ਫੈਸਲਾ ਕੀਤਾ ਹੈ।

# ਇਟਲੀ ਵਿੱਚ ਕੋਰੋਨਾ ਮਾਮਲੇ ਵਿੱਚ ਭਾਰਤੀਆਂ ਨੂੰ ਰਾਹਤ

ਮਿਲਾਨ, 5 ਮਈ (ਪੋਸਟ ਬਿਊਰੋ)- ਕੋਰੋਨਾ ਕਾਰਨ ਪਿਛਲੇ ਕਈ ਦਿਨਾਂ ਤੋਂ ਇਟਲੀ ਦੇ ਕੌਮੀ ਮੀਡੀਆ ਵਿੱਚ ਨਿਸ਼ਾਨਾ ਬਣੇ ਭਾਰਤੀ (ਸਿੱਖ) ਭਾਈਚਾਰੇ ਨੂੰ ਓਦੋਂ ਰਾਹਤ ਮਿਲੀ ਜਦੋਂ ਲਾਤੀਨਾ ਜ਼ਿਲ੍ਹੇ ਵਿੱਚ ਸਥਾਨਕ ਪ੍ਰਸ਼ਾਸਨ ਵੱਲੋਂ ਲਾਏ ਕੋਰੋਨਾ ਜਾਂਚ ਕੈਂਪ ਵਿੱਚ ਇੱਕ ਵੀ ਮਰੀਜ਼ ਵਿੱਚ ਭਾਰਤੀ ਵਾਇਰਸ ਦਾ ਰੂਪ ਨਹੀਂ ਮਿਲਿਆ।



ਇਟਲੀ ਵਿੱਚ ਛੂਤ ਦੀਆਂ ਬਿਮਾਰੀਆਂ ਦੀ ਜਾਂਚ ਕਰਨ ਵਾਲੀ ਕੌਮੀ ਮੈਡੀਕਲ ਸੰਸਥਾ ਲਾਜਾਰੋ ਸਪੈਲਾਨਜਾਨੀ ਰੋਮ ਨੇ ਮੀਡੀਆ ਨੂੰ ਦੱਸਿਆ ਕਿ ਜਿਹੜੀ ਉਡਾਣ ਏਅਰ ਇਡੀਆ ਦੀ ਭਾਰਤ ਤੋਂ ਰੋਮ ਏਅਰਪੋਰਟ ਉੱਤੇ 210 ਯਾਤਰੀ ਲੈ ਕੇ ਆਈ ਸੀ, ਉਨ੍ਹਾ ਵਿੱਚੋਂ 23 ਯਾਤਰੀ ਕੋਰੋਨਾ ਪਾਜ਼ੀਟਿਵ ਆਏ ਸਨ। ਇਨ੍ਹਾਂ ਵਿੱਚ ਸਿਰਫ ਇੱਕਯਾਤਰੀ ਤੋਂ ਵਾਇਰਸ ਦਾ ਭਾਰਤੀ ਰੂਪ ਮਿਲਿਆ ਹੈ।ਦੂਜੇ ਪਾਸੇ ਜ਼ਿਲ੍ਹਾ ਲਾਤੀਨਾ ਦੇ ਕਸਬਾ ਬੋਰਗੋ ਹਰਮਾਦਾ ਤੇਰਾਚੀਨਾ ਵਿੱਚਕੋਰੋਨਾ ਵਾਇਰਸ ਜਾਂਚ ਕੈਂਪ ਸਬੰਧੀ ਵੀ ਸ਼ਹਿਰ ਦੀ ਮੇਅਰ ਮੈਡਮ ਰੋਬਾਰਤਾ ਤੀਨਤਾਰੀ ਨੇ ਮੀਡੀਆ ਨੂੰ ਦੱਸਿਆ ਕਿ ਸ਼ਹਿਰ ਦੀ ਆਬਾਦੀ 10 ਹਜ਼ਾਰ ਦੀ ਹੈ, ਜਿਸ ਵਿੱਚ 1400 ਭਾਰਤੀ ਹਨ। ਭਾਰਤੀਆਂ ਲਈ ਵਿਸ਼ੇਸ਼ ਤੌਰ ਉੱਤੇ ਲਾਏ ਜਾਂਚ ਕੈਂਪ ਵਿੱਚ ਖਤਰੇ ਵਾਲੀ ਗੱਲ ਸਾਹਮਣੇ ਨਹੀਂ ਆਈ। ਵਰਨਣ ਯੋਗ ਹੈ ਕਿ ਇਸ ਕੈਂਪ ਵਿੱਚ 600 ਤੋਂ ਉਪਰ ਭਾਰਤੀਆਂ ਦਾ ਕੋਰੋਨਾ ਟੈਸਟ ਕੀਤਾ ਗਿਆ ਸੀ। ਇਨ੍ਹਾਂ ਵਿੱਚੋਂ 50 ਲੋਕ ਪਾਜ਼ੀਟਿਵ ਮਿਲੇ, ਜਿਨ੍ਹਾਂ ਵਿੱਚੋਂ 15 ਬੱਚੇ ਹਨ। ਇਨ੍ਹਾਂ ਸਾਰਿਆਂ ਨੂੰ ਇਕਾਂਤਵਾਸ ਵਿੱਚ ਭੇਜ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਜਿਹੜੇ ਮਰੀਜ਼ ਬੇਲਾਫਾਰਨੀਆ ਵਿੱਚ ਪ੍ਰਭਾਵਤ ਮਿਲੇ ਸਨ ਉਨ੍ਹਾਂ ਵਿੱਚੋਂ ਵੀ ਬਹੁਤਿਆਂ ਦੀਆਂ ਰਿਪੋਰਟਾਂ ਨੈਗੇਟਿਵ ਆ ਚੁੱਕੀਆਂ ਹਨ।

# ਅਮਰੀਕੀ ਕਾਰੋਬਾਰੀਆਂ ਨੇ ਐਚ1-ਬੀ ਵੀਜ਼ਾ ਬਾਰੇ ਕੇਸ ਵਾਪਸ ਲਿਆ

ਵਾਸ਼ਿੰਗਟਨ, 5 ਮਈ (ਪੋਸਟ ਬਿਊਰੋ)- ਅਮਰੀਕਾ ਵਿੱਚ ਸੱਤ ਕਾਰੋਬਾਰਾਂ ਦੇ ਇੱਕ ਗਰੁੱਪ ਨੇ ਐਚ-1ਬੀ ਵੀਜ਼ਾ ਮਾਮਲੇ ਵਿੱਚ ਇੱਕ ਮੁਕੱਦਮਾ ਵਾਪਸ ਲੈਣ ਦਾ ਐਲਾਨ ਕੀਤਾ ਹੈ। ਮਨਮਰਜ਼ੀ ਤਰੀਕੇ ਨਾਲ ਵੀਜ਼ਾ ਅਰਜ਼ੀਆਂ ਰੱਦ ਕੀਤੇ ਜਾਣਦੇ ਵਿਰੁੱਧ ਇਹ ਮੁਕੱਦਮਾ ਅਮਰੀਕੀ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਸਰਵਿਸਿਜ਼ (ਯੂ ਐਸ ਸੀ ਆਈ ਐਸ) ਖਿਲਾਫ ਕੀਤਾ ਗਿਆ ਸੀ, ਪਰ ਉਹ ਫੈਡਰਲ ਏਜੰਸੀ ਅਰਜ਼ੀਆਂ ਨੂੰ ਸਵੀਕਾਰ ਕਰਨ ਲਈ ਤਿਆਰ ਹੋ ਗਈ ਹੈ।

ਅਮਰੀਕੀ ਇਮੀਗਰੇਸ਼ਨ ਕੌਂਸਲ ਨੇ ਇਨ੍ਹਾਂ ਕਾਰੋਬਾਰੀਆਂ ਵੱਲੋਂ ਬੀਤੀ ਮਾਰਚ ਵਿੱਚ ਮੈਸਾਚਿਊਸੈਟਸ ਦੀ ਜ਼ਿਲ੍ਹਾ ਕੋਰਟ ਵਿੱਚ ਇਹ ਮੁਕੱਦਮਾ ਕੀਤਾ ਸੀ। ਇਸ ਵਿੱਚ ਫੈਡਰਲ ਏਜੰਸੀ ਯੂ ਐਸ ਸੀ ਆਈ ਐਸ ਦੇ ਉਸ ਫੈਸਲੇ ਨੂੰ ਚੁਣੌਤੀ ਦਿੱਤੀ ਗਈ ਸੀ, ਜਿਸ ਵਿੱਚ ਬੀਤੇ ਵਰ੍ਹੇ ਪਹਿਲੀ ਅਕਤੂਬਰ ਤੋਂ ਬਾਅਦ ਦਾਖਲ ਕੀਤੀਆਂ ਐਚ1-ਬੀ ਵੀਜ਼ਾ ਅਰਜ਼ੀਆਂ ਨੂੰ ਰੱਦ ਕਰ ਦਿੱਤਾ ਗਿਆ ਸੀ। ਕੋਰਟ ਨੇ ਏਜੰਸੀ ਨੂੰ ਨਿਰਪੱਖ ਪ੍ਰਕਿਰਿਆ ਅਪਣਾਉਣ ਦਾ ਹੁਕਮ ਦੇਣ ਦੀ ਮੰਗ ਕੀਤੀ ਸੀ। ਅਮਰੀਕੀ ਇਮੀਗਰੇਸ਼ਨ ਕੌਂਸਲ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਯੂ ਐਸ ਸੀ ਆਈ ਐਸ ਵੱਲੋਂ ਅਰਜ਼ੀਆਂ ਮਨਜ਼ੂਰ ਕਰ ਲਏ ਜਾਣ ਤੋਂ ਬਾਅਦ ਮੁਕੱਦਮਾ ਵਾਪਸ ਲੈ ਲਿਆ ਗਿਆ ਹੈ। ਐਚ1-ਬੀ ਵੀਜ਼ਾ ਭਾਰਤੀ ਆਈ ਟੀ ਪੇਸ਼ੇਵਰਾਂ ਵਿੱਚ ਹਰਮਨਪਿਆਰਾ ਹੈ। ਇਸ ਦੇ ਆਧਾਰ ਉੱਤੇ ਅਮਰੀਕੀ ਕੰਪਨੀਆਂ ਉਚ ਕੁਸ਼ਲ ਵਿਦੇਸ਼ੀ ਕਾਮਿਆਂ ਨੂੰ ਰੁਜ਼ਗਾਰ ਦਿੰਦੀਆਂ ਹਨ। ਹ ਸਾਲ ਵੱਖ-ਵੱਖ ਸ਼੍ਰੇਣੀਆਂ ਵਿੱਚ 85 ਹਜ਼ਾਰ ਵੀਜ਼ੇ ਜਾਰੀ ਕੀਤੇ ਜਾਂਦੇ ਹਨ।

# ਭਾਰਤ ਤੇ ਇੰਗਲੈਂਡ ਵੱਲੋਂ 10 ਸਾਲਾ ‘ਰੋਡਮੈਪ-2030’ ਨੂੰ ਹਰੀ ਝੰਡੀ

ਲੰਡਨ, 5 ਮਈ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ ਅਹਿਮ ਵਰਚੂਅਲ ਮੀਟਿੰਗ ਦੌਰਾਨ ਦੋਵਾਂ ਨੇਤਾਵਾਂ ਨੇ ‘ਰੋਡਮੈਪ-2030' ਨੂੰ ਹਰੀ ਝੰਡੀ ਦਿੰਦਿਆਂ ਅਗਲੇ ਦਹਾਕੇ ਦੌਰਾਨ ਭਵਿੱਖ ਦੇ ਸਹਿਯੋਗ ਲਈ ਸਹਿਮਤੀ ਪ੍ਰਗਟਾਈ ਹੈ।

ਇਸ ਮੀਟਿੰਗ ਤੋਂ ਬਾਅਦ ਪ੍ਰਧਾਨ ਮੰਤਰੀ ਦਫ਼ਤਰ ਨੇ ਕਿਹਾ ਕਿ ‘ਰੋਡਮੈਪ-2030’ ਯੂ ਕੇ-ਭਾਰਤ ਰਿਸ਼ਤੇ ਵਿੱਚਖਾਸ ਪ੍ਰਤੀਨਿਧਤਾ ਕਰਦਾ ਹੈ। ਅਧਿਕਾਰੀਆਂ ਨੇ ਕਿਹਾ ਕਿ ਦੋਵੇਂ ਦੇਸ਼ ਸਿਹਤ, ਜਲਵਾਯੂ ਤਬਦੀਲੀ, ਸਿੱਖਿਆ, ਵਿਗਿਆਨ, ਤਕਨਾਲੋਜੀ ਅਤੇ ਰੱਖਿਆ ਵਿੱਚ ਇੱਕ-ਦੂਜੇ ਨੂੰ ਸਹਿਯੋਗ ਦੇਣਗੇ। ਉਨ੍ਹਾਂ ਕਿਹਾ ਕਿ ਅਸੀਂ ਜੋ ਸਮਝੌਤੇ ਕੀਤੇ ਹਨ, ਉਹ ਯੂ ਕੇ-ਭਾਰਤ ਸਬੰਧਾਂ ਵਿੱਚ ਨਵੇਂ ਯੁੱਗ ਦੀ ਸ਼ੁਰੂਆਤ ਨੂੰ ਦਰਸਾਉਂਦੇ ਹਨ। ਇਸ ਵਿੱਚ ‘ਵਧੀ ਹੋਈ ਵਪਾਰਕ ਭਾਈਵਾਲੀ' ਪ੍ਰਤੀ ਵਚਨਬੱਧਤਾ ਸ਼ਾਮਲ ਹੈ, ਜਿਸ ਨਾਲ ਆਉਣ ਵਾਲੇ ਦਹਾਕੇ ਦੌਰਾਨ ਦੁਵੱਲੇ ਵਪਾਰ ਨੂੰ ਦੁੱਗਣਾ ਕਰਨ ਦੇ ਉਦੇਸ਼ ਨਾਲ ਇੱਕ ਪੂਰਨ ਮੁਕਤ ਵਪਾਰ ਸਮਝੌਤੇ ਦਾ ਰਾਹ ਪੱਧਰਾ ਕੀਤਾ ਗਿਆ ਹੈ।

ਬੋਰਿਸ ਜੌਹਨਸਨ ਨੇ ਕਿਹਾ ਕਿ ਯੂ ਕੇ ਅਤੇ ਭਾਰਤ ਵਿਚਾਲੇ ਬਹੁਤ ਸਾਰੀਆਂ ਬੁਨਿਆਦੀ ਕਦਰਾਂ-ਕੀਮਤਾਂ ਦੀ ਸਾਂਝ ਹੈ। ਬ੍ਰਿਟੇਨ ਸਭ ਤੋਂ ਪੁਰਾਣੇ ਲੋਕਤੰਤਰਾਂ ਵਿੱਚੋਂ ਇੱਕ ਅਤੇ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਪ੍ਰਧਾਨ ਮੰਤਰੀ ਜੌਹਨਸਨ ਨੇ ਕਿਹਾ ਕਿ ਅਸੀਂ ਦੋਵੇਂ ਕਾਮਨਵੈੱਲਥ ਦੇ ਵਚਨਬੱਧ ਮੈਂਬਰ ਹਾਂ ਤੇ ਇੱਥੋਂ ਦਾ ਜੀਵਨ-ਪੱਲ ਸਾਡੇ ਦੇਸ਼ਾਂ ਦੇ ਲੋਕਾਂ ਨੂੰ ਜੋੜਦਾ ਹੈ। ਉਨ੍ਹਾਂ ਕਿਹਾ ਕਿ ਭਿਆਨਕ ਸਮੇਂ ਦੌਰਾਨ ਪਿਛਲੇ ਹਫ਼ਤੇ ਭਾਰਤੀ ਦੋਸਤਾਂ ਦੀ ਮੱਦਦ ਲਈ ਬਹੁ ਗਿਣਤੀ ਵਿੱਚ ਬਰਤਾਨਵੀ ਲੋਕ ਅੱਗੇ ਆਏ, ਜਿਹੜੀ ਯੂ ਕੇ ਦੇ ਭਾਰਤ ਦੇ ਡੂੰਘੇ ਰਿਸ਼ਤਿਆਂ ਦੀ ਮਿਸਾਲ ਹੈ। ਇਹ ਸਬੰਧ ਅਗਲੇ ਦਹਾਕੇ ਵਿੱਚ ਹੋਰ ਵਧਣਗੇ, ਕਿਉਂਕਿ ਅਸੀਂ ਵੱਡੀਆਂ ਸਮੱਸਿਆਵਾਂ ਨਾਲ ਨਜਿੱਠਣ ਤੇ ਆਪਣੇ ਲੋਕਾਂ ਲਈ ਜੀਵਨ ਨੂੰ ਬਿਹਤਰ ਬਣਾਉਣ ਲਈ ਮਿਲ ਕੇ ਕੰਮ ਕਰ ਰਹੇ ਹਾਂ। ਕੱਲ੍ਹ ਅਸੀਂ ਜੋ ਸਮਝੌਤੇ ਕੀਤੇ ਹਨ ਉਹ ਯੂ ਕੇ-ਭਾਰਤ ਸਬੰਧਾਂ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਨੂੰ ਦਰਸਾਉਂਦੇ ਹਨ।ਜੌਹਨਸਨ ਨੇ ਇੱਕ ਅਰਬ ਪੌਂਡ ਦੀ ਕੀਮਤ ਦੇ ਯੂ ਕੇ-ਭਾਰਤ ਵਪਾਰ ਤੇ ਨਿਵੇਸ਼ ਦਾ ਐਲਾਨ ਕੀਤਾ। ਬਿਆਨ ਅਨੁਸਾਰ ਇੱਕ ਅਰਬ ਪੌਂਡ ਦੇ ਨਵੇਂ ਬ੍ਰਿਟੇਨ-ਭਾਰਤ ਵਪਾਰ ਤੇ ਨਿਵੇਸ਼ ਦੀ ਬਦੌਲਤ 6500 ਨਵੇਂ ਰੁਜ਼ਗਾਰ ਪੈਦਾ ਹੋਣਗੇ।



ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤ-ਬ੍ਰਿਟੇਨ ਰਿਸ਼ਤਿਆਂ ਨੂੰ ਨਵੀਂ ਉਚਾਈ ਦਿੰਦੇ ਹੋਏ ਇੱਕ 10 ਸਾਲ ਖਾਕੇ ਨੂੰ ਸਵੀਕਾਰ ਕੀਤਾ ਗਿਆ ਹੈ। ਬੈਠਕ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕੀਤਾ ਕਿ ਭਾਰਤ ਅਤੇ ਬ੍ਰਿਟੇਨ ਦੇ ਰਿਸ਼ਤਿਆਂ ਨੂੰ ਡੂੰਘੀ ਰਣਨੀਤਕ ਸਾਂਝੇਦਾਰੀ ਵਿੱਚ ਬਦਲਣ ਲਈ ਅਸੀਂ ਮਹੱਤਵ ਪੂਰਨ ‘ਰੋਡਮੈਪ-2030’ ਨੂੰ ਸਵੀਕਾਰ ਕੀਤਾ ਹੈ। ਮੋਦੀ ਨੇ ਕਿਹਾ ਕਿ ਅਸੀਂ ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਸਾਂਝ ਨੂੰ ਅੱਗੇ ਵਧਾਉਣ ਦਾ ਫ਼ੈਸਲਾ ਕੀਤਾ ਹੈ ਤੇ ਟੀਚਾ ਹੈ ਕਿ 2030 ਤੱਕ ਦੋਵਾਂ ਦੇਸ਼ਾਂ ਵਿਚਾਲੇ ਵਪਾਰ ਦੁੱਗਣਾ ਕਰ ਦਿੱਤਾ ਜਾਵੇ।

## ਨੈਨੀ ਦੀ ਲੋੜ

Queen and credit view area

ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।

ਸੰਪਰਕ:- 416-556-6884

**ਜੌਬਸ**: ਫਾਰਮ ਵਿਚ ਕੰਮ ਕਰਨ ਲਈ ਬਰੈਂਪਟਨ ਅਤੇ ਮਿਸੀਸਾਗਾ ਦੇ ਏਰੀਆ ਤੋਂ ਮਰਦਾਂ ਅਤੇ ਔਰਤਾਂ ਦੀ ਜਰੂਰਤ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ।

**ਸੁਖਦੀਪ ਗਿੱਲ : 647-949-2904**

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services: Complete Basement, Tiles, Bathrooms, Plumbing, Laminate, Hardwood Floor, Painting
A-1 RENOVATION GTA INC.
22 Listcreek Road, Brampton L6p 2n6

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 416-822-2590
Ants, Wasp, Centepede, Fleas, Bed Bugs


## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)


## ਕਾਮਿਆਂ ਦੀ ਲੋੜ

ਇਕ construction ਕੰਪਨੀ ਨੂੰ ਕੁਝ ਕਾਮਿਆਂ ਦੀ ਤੁਰੰਤ ਲੋੜ ਹੈ। ਤੁਹਾਡੇ ਕੋਲ ਤਜ਼ਰਬਾ ਹੈ ਚਾਹੇ ਨਹੀਂ ਤਾਂ ਵੀ ਤੁਸੀਂ ਜੁਆਇੰਨ ਕਰ ਸਕਦੇ ਹੋ। ਵਧੀਆ ਤਨਖਾਹ, ਵਧੀਆ ਘੰਟੇ ਦਿੱਤੇ ਜਾਣਗੇ

6472055909, 9057897783

WANTED
Panjabi Nannies, Caregivers, Cleaning ladies and Cooks for GTA. Please contact at the earliest at: 416-275-7010

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

ਪੰਜਾਬੀ ਪੋਸਟ CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

You can Place Your Business Here (905)793-2202

WWW.KULWINDERCHHINA.COM





KULWINDER CHHINA
BROKER
647.293.2327


## ਲੜਕੀ ਦੀ ਲੋੜ

ਕੈਨੇਡਾ ਵਿਚ ਵੈਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਵੈੱਲ ਸੈਟਲਡ ਪੰਜਾਬੀ ਅਰੋੜਾ ਪਰਿਵਾਰ ਦਾ ਪੀ.ਆਰ. ਲੜਕਾ, ਉਮਰ 34 ਸਾਲ, ਕੱਦ 6 ਫੁੱਟ, ਐਮ ਕੌਮ, ਐੱਲ.ਐੱਲ.ਬੀ., ਜੋ ਕਿ ਕਦੇ ਸਿਗਰਟ ਨਹੀਂ ਪੀਂਦਾ, ਸ਼ਾਕਾਹਾਰੀ, ਜਿਸਦਾ ਕਿ ਵਿਆਹ ਦੇ ਥੋੜੇ ਸਮੇਂ ਬਾਅਦ ਹੀ ਕਾਨੂੰਨੀ ਤੌਰ ਉਤੇ ਤਲਾਕ ਹੋ ਚੁੱਕਾ ਹੈ। ਨੋ ਰਿਲੇਸ਼ਨਸ਼ਿਪ, ਲੜਕਾ ਲੀਡਿੰਗ ਕੈਨੇਡੀਅਨ ਬੈਂਕ ਵਿਚ ਅਫਸਰ ਦੇ ਤੌਰ ਉਤੇ ਕੰਮ ਕਰ ਰਿਹਾ ਹੈ, ਲਈ ਪੜ੍ਹੀ ਲਿਖੀ ਕੈਨੇਡਾ/ਅਮਰੀਕਾ ਵਿਚ ਰਹਿੰਦੇ ਪਰਿਵਾਰ ਦੀ ਜੰਮਪਲ ਪਰਿਵਾਰਕ ਲੜਕੀ ਜਾਂ ਨਿਊ ਇਮੀਗ੍ਰਾਂਟ, ਪੀ.ਆਰ., ਸਟੂਡੈਂਟ, ਵਰਕ ਪਰਮਿਟ ਉਤੇ ਕੰਮ ਕਰ ਰਹੀ ਲੜਕੀ ਦੀ ਲੋੜ ਹੈ। ਬਹੁਤ ਘੱਟ ਸਮੇਂ ਲਈ ਵਿਆਹੀ ਜਾਂ ਕੁਆਰੀ ਲੜਕੀ ਨੂੰ ਪਹਿਲ। ਬਾਇਉਡਾਟਾ, ਫੋਟੋ ਜਾਂ ਵਟਸਐਪ ਕਾਲ ਕਰਨ ਲਈ ਸੰਪਰਕ: +1 9734209701 ਜਾਂ ਈਮੇਲ- ssjuneja@gmail.com

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ 'ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445


NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife
Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com





Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202


## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772


Check our Free E-paper at: www.canadianpunjabipost.ca
905-793-2202
ਪੰਜਾਬੀ ਪੋਸਟ


## ਲੜਕੇ ਦੀ ਲੋੜ

Looking for suitable gursikh match for Ramdasia girl, height 5.6' fair. Completed master degree in IT from British Columbia. Currently working as a Cyber security analyst in Vancouver, BC. Permanent residency is expected soon. Sister,brother and nanka family is settled in canada. Mother is central govt employee in chandigarh. No Caste bar. Preference from within canada and America.PR or Citizen preferred. Call after 5pm and weekends at 416 721 5191.

Seeking a Boy for Beautiful, well educated, Mumbai Born and Raised 5' 2", 27 years old Sikh Ramgarhia girl. Completed Masters in Commerce and Currently a Lecturer at a Prominent College in Mumbai. Looking for a well-educated Boy, cast no Bar, from Canada or US. Contact 416 524 7330

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654


UPPAL LAW
AVTAR UPPAL Manager
IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

